# ਅੰਮ੍ਰਿਤ ਕੀਰਤਨ

## ਈ-ਮੈਗਜ਼ੀਨ | e-Magazine



ਸੰਪਾਦਕ
ਡਾ. ਜਾਗੀਰ ਸਿੰਘ

ਸਾਵਣ ਵਿਸ਼ੇਸ਼ ਅੰਕ
ਜੁਲਾਈ ੨੦੨੬



# ਢ

ਢਿਲ ਨ ਮੂਲ ਕਰੀਂ ਤੂੰ ਬੰਦੇ,
ਨਾਮ ਜਪਣ ਦਾ ਵੇਲਾ ਹੂ ।
ਮਾਇਆ ਜੋੜੀ ਲਖ ਕਰੋੜੀ,
ਸੰਗ ਨ ਜਾਵੇ ਧੇਲਾ ਹੂ ।
ਜੋ ਆਇਆ ਤਿਸ ਸਰਪਰ ਜਾਣਾ,
ਕਿਆ ਗੁਰੂ ਕਿਆ ਚੇਲਾ ਹੂ ।
ਵਿਚ ਸੰਸਾਰ ਸੰਤੋਖ ਮੁਸਾਫ਼ਰ,
ਦੇਖਣ ਆਇਆ ਮੇਲਾ ਹੂ ।

ਪੁਸਤਕ – ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ


**ਸੰਪਾਦਕ**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ

ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


**AMRIT KIRTAN TRUST**

**SCAN & PAY**

UPI ID: drjagirsingh@sbi


**ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 98556 40630

e-mail: drjagirsingh@gmail.com

Website : http://www.amritkirtan.com



* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਕਰਉ ਬੇਨੰਤੀਆ**
**ਸਭੈ ਘਟ ਰਾਮੁ ਬੋਲੈ** 2

**ਰਾਗ ਮਲਾਰ ਅਤੇ ਗੁਰਬਾਣੀ ਦਾ ਅੰਤਰ-ਸਬੰਧ** 4
ਡਾ. ਜਾਗੀਰ ਸਿੰਘ

**ਗੁਰਮਤਿ ਸੰਗੀਤ ਵਿਚ ਰਾਗ ਮਲਾਰ** 9
ਡਾ. ਗੁਰਨਾਮ ਸਿੰਘ

**ਮਲ੍ਹਾਰ ਸੀਤਲ ਰਾਗ ਹੈ** 11
ਗੁਰਜੰਤ ਸਿੰਘ ਰਾਹੀ

**ਅਜੋਕੇ ਕੀਰਤਨੀਏਂ ਅਤੇ ਮਨਮਰਜ਼ੀ**
**ਦੀਆਂ ਕੀਰਤਨ-ਸ਼ੈਲੀਆਂ** 13
ਤਰਲੋਚਨ ਸਿੰਘ ਦੁਪਾਲਪੁਰ

**पंजाब घराने की लाहौर बाज परवावज परंपरा**
**के संवाहक–प्रोफैसर हरभजन सिंह धारीवाल** 16
राजेन्द्र शर्मा

**ਸ੍ਰੀ ਰਾਗ** 17
ਬੀਬੀ ਹਰਦੀਪ ਕੌਰ

**ਰਾਗ ਸ਼ੁੱਧ ਮਲਾਰ** 19
ਪ੍ਰਿੰਸੀਪਲ ਦਿਆਲ ਸਿੰਘ

**Principal (Giani) Dyal Singh** 20
Dr. Amardev Singh


**ਮੈਗਜੀਨ ਦਾ ਸਾਲਾਨਾ ਚੰਦਾ 600/-ਰੁਪਏ**

**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ:**

**DONATIONS TO AMRIT KIRTAN TRUST**

Cheques/Drafts should be sent in the name of AMRIT KIRTAN TRUST payable at Mohali. Donations can also be sent by money order at the address AMRIT KIRTAN TRUST (Regd.) 422, Sector 15-A, Chandigarh-160015. The Donations can be made by Electronic Transfer.

Bank details :

**AMRIT KIRTAN TRUST**

Saving Bank A/c No. 65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address and also the deposit details to enable us to send you the receipt.

# ਸਭੈ ਘਟ ਰਾਮੁ ਬੋਲੈ

ਡਾਕਟਰ ਜਸਵੰਤ ਸਿੰਘ ਨੇਕੀ ਨੇ ਆਪਣੀ ਪੁਸਤਕ 'ਦਰਸ਼ਨ, ਰੂਪ, ਅਭਿਆਸ' ਵਿੱਚ ਇੱਕ ਕਥਾ ਬਿਆਨ ਕੀਤੀ ਹੈ--ਕਹਿੰਦੇ ਹਨ ਇੱਕ ਚਰਵਾਹਾ ਜੰਗਲ ਵਿੱਚ ਭੇਡਾਂ ਬਕਰੀਆਂ ਚਾਰ ਰਿਹਾ ਸੀ। ਇੱਜੜ ਨੂੰ ਘਾਹ ਵਿੱਚ ਚਰਦਿਆਂ ਛੱਡ ਕੇ ਆਪ ਇੱਕ ਪਾਸੇ ਬਿਰਖ ਦੀ ਛਾਵੇਂ ਬਹਿ ਗਿਆ। ਡੂੰਘੀਆਂ ਸੋਚਾਂ ਵਿੱਚ ਗੜੂੰਦ ਹੋ ਗਿਆ। ਸੋਚੀਂ ਡੁੱਬੇ ਦੇ ਚਿਹਰੇ ਤੇ ਇੱਕ ਭਾਹ ਚਮਕਣ ਲੱਗੀ। ਉਹਦੇ ਬੁੱਲ੍ਹ ਫਰਕੇ ਕਹਿਣ ਲੱਗਾ "ਹੇ ਰੱਬਾ, ਜੇਕਰ ਤੂੰ ਮੈਨੂੰ ਮਿਲ ਪਵੇਂ ਤਾਂ ਮੈਂ ਤੈਨੂੰ ਆਪਣੀਆਂ ਬੱਕਰੀਆਂ ਦਾ ਤਾਜ਼ਾ ਦੁੱਧ ਪਿਆਵਾਂ। ਤੇਰੇ ਕੱਪੜੇ ਧੋ ਦਿਆਂ। ਦਹੀਂ ਮਲ ਕੇ ਤੈਨੂੰ ਨੁਹਾਵਾਂ। ਤੇਰੀ ਸਾਰੀ ਮੈਲ ਲਾਹ ਦਿਆਂ।" ਇਤਫਾਕ ਨਾਲ ਹਜ਼ਰਤ ਮੂਸਾ ਓਧਰੋਂ ਲੰਘ ਰਹੇ ਸੀ। ਚਰਵਾਹੇ ਦੇ ਬੋਲ ਉਹਨਾਂ ਦੇ ਕੰਨੀਂ ਆ ਪਏ। ਰੱਬ ਦਾ ਅਜਿਹਾ ਹਾਸੋਹੀਣਾ ਚਰਿਤਰ ਸੁਣ ਕੇ ਉਹ ਕਰੋਧ ਵਿਚ ਆ ਗਏ। ਚਰਵਾਹੇ ਨੂੰ ਮੋਢਿਓਂ ਝੰਜੋੜ ਕੇ ਬੋਲੇ- "ਓ ਮੂਰਖਾ, ਤੂੰ ਰੱਬ ਨੂੰ ਕੀ ਸਮਝਿਆ ਹੈ। ਉਹ ਕੁੱਲ ਜਹਾਨਾਂ ਦਾ ਮਾਲਕ ਹੈ। ਤੇਰੇ ਬਕਰੀਆਂ ਦੇ ਦੁੱਧ ਦੀ ਉਹਨੂੰ ਕੀ ਪਰਵਾਹ ਪਈ ਹੈ। ਉਹ ਸਾਰੀ ਦੁਨੀਆਂ ਦੀ ਮੈਲ ਕੱਟਣ ਵਾਲਾ ਹੈ। ਤੂੰ ਉਸ ਦੀ ਮੈਲ ਕੱਟਣ ਨੂੰ ਫਿਰਦੈਂ। ਤੂੰ ਰੱਬ ਦੇ ਹਜ਼ੂਰ ਗੁਸਤਾਖੀ ਦੇ ਬਚਨ ਬੋਲੇ ਹਨ। ਕਹਿੰਦੇ ਹਨ ਉਸੇ ਵੇਲੇ ਅਕਾਸ਼ਵਾਣੀ ਹੋਈ-ਮੂਸਾ, ਤੂੰ ਸੰਸਾਰ ਵਿੱਚ ਮਿਲਾਪ ਕਰਾਉਣ ਆਇਆ ਸੈਂ ਕਿ ਵਿਛੋੜੇ ਪੁਆਉਣ ਲਈ। ਤੂੰ ਮੇਰੇ ਭਗਤ ਨੂੰ ਮੇਰੇ ਤੋਂ ਵਿਛੋੜ ਦਿੱਤਾ ਹੈ। ਤੂੰ ਉਸ ਦੇ ਬੋਲਾਂ ਵਿੱਚ ਉਲਝ ਕੇ ਰਹਿ ਗਿਆ ਹੈਂ। ਤੂੰ ਉਸ ਦੀ ਭਾਵਨਾਂ ਨੂੰ ਨਹੀਂ ਸਮਝ ਸਕਿਆ। ਗੁਸਤਾਖੀ ਉਸ ਨੇ ਨਹੀਂ ਤੂੰ ਕੀਤੀ ਹੈ। ਮੂਸਾ ਦੀਆਂ ਅੱਖਾਂ ਝੁਕ ਗਈਆਂ। ਉਹਨੂੰ ਸਮਝ ਆ ਗਈ ਕਿ ਰੱਬ ਦਾ ਨੂਰ ਕੇਵਲ ਕੋਹਿਤੂਰ ਦੀਆਂ ਚੋਟੀਆਂ ਉੱਤੇ ਨਹੀਂ ਹੁੰਦਾ। ਭਾਵਨਾ ਨਾਲ ਕੀਤੀ ਅਰਦਾਸ ਦੇ ਬੋਲਾਂ ਨਾਲ ਮਨ ਦੀਆਂ ਡੂੰਘਾਣਾ ਵਿੱਚ ਵੀ ਆਣ ਪ੍ਰਗਟ ਹੁੰਦਾ ਹੈ।

ਇਸ ਕਥਾ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਰੱਬ ਨੂੰ ਵੱਖ ਵੱਖ ਸਥਿਤੀਆਂ ਅਤੇ ਭਾਵਨਾਵਾਂ ਨਾਲ ਵੱਖ ਵੱਖ ਰੂਪਾਂ ਵਿੱਚ ਮਹਿਸੂਸ ਕੀਤਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵੱਖ ਵੱਖ ਬਾਣੀਕਾਰਾਂ ਨੇ ਰੱਬ ਦੇ ਵੱਖ ਵੱਖ ਰੂਪ ਬਿਆਨ ਕੀਤੇ ਹਨ। ਅਸੀਂ ਉਹਨਾਂ ਦੀ ਵਿਆਖਿਆ ਜਦੋਂ ਅਜੋਕੇ ਪ੍ਰਸੰਗ ਵਿੱਚ ਕਰਦੇ ਹਾਂ ਤਾਂ ਉਸ ਤੇ ਕਿੰਤੂ-ਪ੍ਰੰਤੂ ਕਰਦੇ ਹਾਂ। ਪਰ ਉਸ ਸਮੇਂ ਦੇ ਪ੍ਰਚਲਤ ਲੋਕ ਵਿਸ਼ਵਾਸਾਂ ਅਨੁਸਾਰ ਉਸ ਤਰ੍ਹਾਂ ਦਾ ਬਿਰਤਾਂਤ ਜ਼ਰੂਰੀ ਸੀ। ਇਸ ਬਾਰੇ ਅਸੀਂ ਭਗਤ ਨਾਮਦੇਵ ਜੀ ਦੀ ਬਾਣੀ ਦਾ ਅਧਿਐਨ ਕਰ ਸਕਦੇ ਹਾਂ। ਭਗਤ ਜੀ ਦਾ ਇੱਕ ਸ਼ਬਦ ਵਾਚੀਏ-

**ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ॥**
**ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ॥**
**ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ॥੧॥ ਰਹਾਉ॥**
**ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ॥**
**ਦਵਾਰਿਕਾ ਨਗਰੀ ਰਾਸਿ ਬੁਗੋਈ॥੧॥**
**ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥**
**ਦਵਾਰਿਕਾ ਨਗਰੀ ਕਾਹੇ ਕੇ ਮਗੋਲ॥੨॥**
**ਚੰਦੀ ਹਜਾਰ ਆਲਮ ਏਕਲ ਖਾਨਾਂ॥**
**ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ॥੩॥**
**ਅਸਪਤਿ ਗਜਪਤਿ ਨਰਹ ਨਰਿੰਦ॥**
**ਨਾਮੇ ਕੇ ਸਵਾਮੀ ਮੀਰ ਮੁਕੰਦ॥੪॥**

ਭਗਤ ਨਾਮ ਦੇਵ ਜੀ ਇਸ ਸ਼ਬਦ ਵਿੱਚ ਪਰਮਾਤਮਾ ਦਾ ਉਲੇਖ ਇੱਕ ਪਠਾਣ ਦੇ ਰੂਪ ਵਿੱਚ ਕਰ ਰਹੇ ਹਨ। ਉਹ ਕ੍ਰਿਸ਼ਨ,ਬ੍ਰਹਮਾ ਅਤੇ ਇੰਦਰ ਦੇ ਰੂਪ ਵਿਚ ਵੀ ਕਰਦੇ ਹਨ। ਇਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਭਗਤ ਨਾਮਦੇਵ ਜੀ ਨੂੰ ਪਰਮਾਤਮਾ ਦੇ ਸਰਬਵਿਆਪੀ ਰੂਪ ਦਾ ਵੀ ਗਿਅਨ ਸੀ।

**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥**
**ਰਾਮ ਬਿਨਾ ਕੋ ਬੋਲੈ ਰੇ॥੧॥ ਰਹਾਉ॥**
**ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥**
**ਅਸਥਾਵਰ ਜੰਗਮ ਕੀਟ ਪਤੰਗਮ ਘਟਿ ਰਾਮੁ ਸਮਾਨਾ ਰੇ॥੧॥**
**ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ॥**
**ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰ ਕੋ ਦਾਸਾ ਰੇ॥੨॥**

ਗਉੜੀ ਰਾਗ ਦੇ ਪਦੇ ਵਿੱਚ ਉਹ ਪਰਮਾਤਮਾ ਨੂੰ ਤਾਰਨਹਾਰ ਦੇ ਰੂਪ ਵਿੱਚ ਵਰਨਣ ਕਰਦਿਆਂ ਪੁਰਾਣਾਂ ਵਿੱਚ ਵਰਣਿਤ ਹਸਤੀਆਂ ਜਿਵੇਂ ਗਨਿਕਾ,ਕੁਬਿਜਾ,ਬਧਕ,ਅਜਾਮਲ,ਬਿਦਰ,ਸੁਦਾਮਾ ਅਤੇ ਉਗ੍ਰਸੈਨ ਆਦਿ ਦੇ ਤਾਰਨਹਾਰ ਨੂੰ ਯਾਦ ਕਰਦੇ ਹਨ। ਆਸਾ ਰਾਗ ਦੀ ਬਾਣੀ ਵਿੱਚ ਉਹ ਪਰਮਾਤਮਾ ਦੀ ਸਰਬ ਵਿਆਪਕਤਾ ਨੂੰ ਬਿਆਨ ਕਰਦੇ ਹਨ-

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥ (ਅੰਗ ੪੮੫)**
**ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰ ਨਹੀਂ॥**
**ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥ (ਅੰਗ ੪੮੫)**
**ਇਕ ਸ਼ਬਦ ਵਿੱਚ ਭਗਤ ਨਾਮਦੇਵ ਜੀ ਭਗਵਾਨ ਨੂੰ ਬੇਡੀ ਅਰਥਾਤ ਤਰਖਾਣ ਆਖਦੇ ਹਨ-**
**ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥**
**ਤੋ ਪਹਿ ਦੁਗਣੀ ਮਜੂਰੀ ਦੇਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥੧॥**
**ਰੀ ਬਾਈ ਬੇਢੀ ਦੇਨੁ ਨ ਜਾਈ॥**
**ਦੇਖੁ ਬੇਢੀ ਰਹਿਓ ਸਮਾਈ॥**
**ਹਮਾਰੇ ਬੇਢੀ ਪਾਨ ਅਧਾਰਾ॥੧॥ ਰਹਰਉ॥**

ਭਗਤ ਨਾਮਦੇਵ ਜੀ ਦਾ ੨੮ ਪਦਾਂ ਦਾ ਇੱਕ ਸ਼ਬਦ ਜਿਸ ਵਿੱਚ ਮੋਈ ਗਉ ਜਿਵਾਲਣ ਲਈ ਮੁਸਲਮਾਨ ਬਾਦਸ਼ਾਹ ਵੱਲੋਂ ਹੁਕਮ ਕੀਤਾ ਜਾਂਦਾ ਹੈ। ਇਸ ਸ਼ਬਦ ਵਿੱਚ ਹਿੰਦੂ ਮੁਸਲਮਾਨ ਧਰਮਾਂ ਦੇ ਵਖ ਵਖ ਰਬ ਦੇ ਸੰਕਲਪਾਂ ਦਾ ਜ਼ਿਕਰ ਆਉਂਦਾ ਹੈ। ਭਗਤ ਜੀ ਇਸ ਸ਼ਬਦ ਵਿੱਚ ਪਰਮਾਤਮਾ ਨੂੰ ਗਰੁੜ ਦੀ ਸਵਾਰੀ ਕਰਨ ਵਾਲੇ ਵਿਸ਼ਨੂ ਦੇ ਰੂਪ ਵਿੱਚ ਯਾਦ ਕਰਦੇ ਹਨ। ਭਾਵੇਂ ਭਗਤ ਜੀ ਆਪਣੇ ਕਈ ਸ਼ਬਦਾਂ ਵਿੱਚ ਆਪਣੀ ਮਰਜ਼ੀ ਅਨੁਸਾਰ ਪਰਮਾਤਮਾ ਨੂੰ ਮੁਸਲਮਾਨੀ ਸ਼ਬਦਾਵਲੀ ਵਿੱਚ ਯਾਦ ਕਰਦੇ ਹਨ ਪਰ ਬਾਦਸ਼ਾਹ ਦੇ ਹੁਕਮ ਜਾਂ ਡਰ ਨਾਲ ਉਹ ਖੁਦਾ ਕਹਿਣ ਤੋਂ ਇਨਕਾਰ ਕਰ ਦਿੰਦੇ ਹਨ।

ਖੈਰ ਸਾਡਾ ਇਸ ਸਾਰੀ ਚਰਚਾ ਕਰਨ ਦਾ ਮਨੋਰਥ ਕੇਵਲ ਇਤਨਾ ਹੀ ਹੈ ਕਿ ਹਰ ਵਿਅਕਤੀ ਪਰਮਾਤਮਾ ਨੂੰ ਆਪਣੇ ਮਨ ਦੀ ਭਾਵਨਾ ਅਨੁਸਾਰ ਕਿਸੇ ਵੀ ਸਰੂਪ ਵਿੱਚ ਯਾਦ ਕਰ ਸਕਦਾ ਹੈ। ਉਸ ਨੂੰ ਕਿਸੇ ਖਾਸ ਮਰਯਾਦਾ ਵਿੱਚ ਬੰਨ੍ਹਣਾਂ ਤੇ ਉਸ ਅਨੁਸਾਰ ਹੀ ਪਰਮਾਤਮਾ ਨੂੰ ਯਾਦ ਕਰਨ ਲਈ ਕਹਿਣਾ ਅਧਿਆਤਮਕ ਪੱਖ ਤੋਂ ਉਚਿਤ ਨਹੀਂ ਜਾਪਦਾ।

ਭੁੱਲ ਚੁੱਕ ਖਿਮਾ
ਡਾ. ਜਾਗੀਰ ਸਿੰਘ

# ਰਾਗ ਮਲਾਰ ਅਤੇ ਗੁਰਬਾਣੀ ਦਾ ਅੰਤਰ-ਸਬੰਧ

ਡਾ. ਜਾਗੀਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੱਖ-ਵੱਖ ਰਾਗਾਂ ਵਿਚ ਹੈ। ਗੁਰਬਾਣੀ ਅਤੇ ਰਾਗ ਦੇ ਸਬੰਧ ਦਾ ਅਧਿਐਨ ਰੋਚਕ ਵੀ ਹੈ ਅਤੇ ਸਾਰਥਕ ਵੀ। ਰਾਗ ਅਤੇ ਬਾਣੀ ਦੇ ਸਬੰਧ ਨੂੰ ਸਮਝਦਿਆਂ ਸਰੋਤਾ ਅਤੇ ਗੁਰਬਾਣੀ ਦਾ ਪਾਠਕ ਵੀ ਗੁਰਬਾਣੀ ਦੇ ਮਰਮ ਨੂੰ ਅਸਾਨੀ ਨਾਲ ਮਹਿਸੂਸ ਕਰ ਸਕਦਾ ਹੈ। ਇਸ ਲੇਖ ਵਿਚ ਅਸੀਂ ਕੇਵਲ ਮਲਾਰ ਰਾਗ ਅਤੇ ਇਸ ਰਾਗ ਵਿਚ ਦਰਜ ਬਾਣੀ ਦਾ ਅਧਿਐਨ ਕਰ ਰਹੇ ਹਾਂ।

ਮਲਾਰ ਪ੍ਰਸਿਧ ਪੁਰਾਤਨ ਅਤੇ ਮੌਸਮੀ ਰਾਗਾਂ ਵਿਚੋਂ ਹੈ। ਇਹ ਰਾਗ ਵਰਖਾ ਰੁੱਤ ਨਾਲ ਸਬੰਧਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਲਾਰ ਰਾਗ ਦਾ ੨੭ਵਾਂ ਸਥਾਨ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਸਾਹਿਬ ਜੀ, ਭਗਤ ਨਾਮਦੇਵ ਜੀ, ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਮਲਾਰ ਰਾਗ ਦੀ ਵਿਸ਼ੇਸ਼ਤਾ ਦਰਸਾਉਂਦਿਆਂ ਗੁਰੂ ਅਮਰਦਾਸ ਜੀ ਉਚਾਰਦੇ ਹਨ:

**ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥** **(ਸਲੋਕ ਮਹਲਾ ੩, ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੩)**

**ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ॥** **(ਸਲੋਕ ਮਹਲਾ ੩, ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੫)**

ਗੁਰਮਤਿ ਸੰਗੀਤ ਵਿਚ ਮਲਾਰ ਦੇ ਹੇਠ ਲਿਖੇ ਕਿਰਿਆਤਮਕ ਸਰੂਪ ਨੂੰ ਪ੍ਰਵਾਨ ਕੀਤਾ ਗਿਆ ਹੈ:

**ਸੁਰ: ਦੋਵੇਂ ਨਿਸ਼ਾਦ, ਬਾਕੀ ਸੁਰ ਸ਼ੁੱਧ**

**ਜਾਤੀ: ਸੰਪੂਰਨ-ਸੰਪੂਰਨ**

**ਸਮਾਂ: ਬਰਸਾਤ ਦੀ ਰੁੱਤ ਵਿੱਚ ਇਹ ਰਾਗ ਹਰ ਸਮੇਂ ਗਾਇਆ ਜਾਂਦਾ ਹੈ ਪਰ ਉਂਜ ਇਸ ਦਾ ਸਮਾਂ ਰਾਤ ਦਾ ਤੀਜਾ ਪਹਿਰ ਹੈ।**

**ਵਾਦੀ: ਮਧਿਅਮ, ਸੰਵਾਦੀ: ਸ਼ਡਜ**

**ਆਰੋਹ: ਸਾ ਰੇ ਗਾ, ਮਾ ਰੇ ਪ, ਨੀ ਧਾ ਨੀ ਸਾਂ**

**ਅਵਰੋਹ: ਸਾਂ, ਧਾ ਨੀ ਪ, ਮਾ ਗਾ ਮਾ, ਰੇ ਸਾ**

**ਮੁੱਖ ਅੰਗ: ਸਾ ਰੇ ਗਾ, ਮਾ ਰੇ ਪਾ, ਧਾ ਨੀ ਪਾ, ਮਾ ਰੇ ਸਾ**

ਮਲਾਰ ਰਾਗ ਅਤੇ ਬਾਣੀ ਦੇ ਅੰਤਰ ਸਬੰਧ ਤੇ ਚਰਚਾ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜਰੂਰੀ ਹੈ ਕਿ ਰਾਗ ਦਾ ਭਾਵ ਨਾਲ ਕੀ ਸਬੰਧ ਹੈ। ਇਸ ਤੋਂ ਇਹ ਸਪਸ਼ਟ ਹੋਵੇਗਾ ਕਿ ਮਲਾਰ ਰਾਗ ਦੇ ਭਾਵ ਅਤੇ ਮਲਾਰ ਰਾਗ ਦੇ ਵਿਚ ਦਰਜ ਗੁਰਬਾਣੀ ਦੇ ਭਾਵ ਵਿੱਚ ਕੀ ਸਬੰਧ ਹੈ।

ਰਾਗ ਵੱਖ-ਵੱਖ ਤਰ੍ਹਾਂ ਦੀਆਂ ਉੱਚੀਆਂ ਨੀਵੀਆਂ ਸੁਰਾਂ ਤੋਂ ਬਣਦੇ ਹਨ। ਇਹਨਾਂ ਸੁਰਾਂ ਦਾ ਵੱਖ-ਵੱਖ ਤਰਤੀਬ ਅਤੇ ਵੱਖ-ਵੱਖ ਮਾਤਰਾ ਵਿੱਚ ਕੀਤਾ ਪ੍ਰਯੋਗ ਰਾਗਾਂ ਨੂੰ ਵੱਖ-ਵੱਖ ਭਾਵਾਂ ਦੇ ਅਨੁਕੂਲ ਬਣਾਉਂਦਾ ਹੈ । ਭਾਰਤੀ ਸੰਗੀਤ ਆਚਾਰੀਆਂ ਨੇ ਵੱਖ-ਵੱਖ ਰਾਗਾਂ ਨੂੰ ਵੱਖ-ਵੱਖ ਭਾਵ ਪ੍ਰਗਟ ਕਰਨ ਵਾਲੇ ਮੰਨਿਆ ਹੈ।

ਪੁਰਾਤਨ ਕਾਲ ਵਿਚ ਰਾਗਾਂ ਨੂੰ ਜਾਤੀ ਕਿਹਾ ਜਾਂਦਾ ਸੀ। ਪੁਰਾਤਨ ਅਚਾਰੀਆ ਭਰਤ ਨੇ ਆਪਣੇ ਗ੍ਰੰਥ ਨਾਟ ਸ਼ਸਤ੍ਰ ਵਿਚ ਲਿਖਿਆ ਹੈ ਕਿ ਰਾਗ, ਰਸ, ਅਤੇ ਜਾਤੀ ਦੇ ਸਥਾਈ ਸੁਰ ਨਾਲ ਸਬੰਧ ਰੱਖਣ ਵਾਲੇ ਰਸ ਨਾਲ ਸਬੰਧਤ ਵਿਸ਼ੇ ਵਾਲੀਆਂ ਕਾਵਿ ਰਚਨਾਵਾਂ ਨੂੰ ਉਸ ਜਾਤੀ ਵਿੱਚ ਗਾਉਣਾ ਚਾਹੀਦਾ ਹੈ। ਭਰਤ ਨੇ ਹੇਠ ਲਿਖੇ ਅਨੁਸਾਰ ਭਿੰਨ ਭਿੰਨ ਸਥਾਈ ਸੁਰਾਂ ਦਾ ਸਬੰਧ ਭਿੰਨ ਭਿੰਨ ਰਸਾਂ ਨਾਲ ਜੋੜਿਆ ਹੈ:

| **ਸਥਾਈ ਸੁਰ** | **ਰਸ ਭਾਵ** |
|---|---|
| ਸ਼ੜਜ | ਵੀਰ, ਰੋਦਰ, ਅਤੇ ਅਦਭੁਤ |
| ਰਿਸ਼ਭ | ਵੀਰ, ਰੋਦਰ, ਅਤੇ ਅਦਭੁਤ |
| ਗੰਧਾਰ | ਕਰੁਣ |

| | |
|---|---|
| ਮੱਧਮ | ਸ਼ਿੰਗਾਰ ਅਤੇ ਹਾਸ |
| ਪੰਚਮ | ਸ਼ਿੰਗਾਰ ਅਤੇ ਹਾਸ |
| ਧੈਵਤ | ਵੀਰਭਤਸ ਅਤੇ ਭਿਆਨਕ |
| ਨਿਸ਼ਾਦ | ਕਰੁਣ |

ਭਰਤ ਤੋਂ ਬਾਅਦ ਵਾਲੇ ਅਚਾਰੀਆਂ ਸ਼ਾਰੰਗ ਦੇਵ, ਦਾਮੋਦਰ ਪੰਡਤ, ਅਤੇ ਅਹੋਬਲ ਨੇ ਵੀ ਰਾਗ ਅਤੇ ਰਸ ਦੇ ਸਿਧਾਂਤਾਂ ਬਾਰੇ ਚਰਚਾ ਕੀਤੀ ਹੈ। ਆਧੁਨਿਕ ਯੁਗ ਦੇ ਸੰਗੀਤ ਆਚਾਰੀਆ ਵਿਸ਼ਣੂ ਨਾਰਾਇਣ ਭਾਤਖੰਡੇ ਅਨੁਸਾਰ ਜਿਹੜੇ ਰਾਗਾਂ ਵਿੱਚ ਧੈਵਤ ਅਤੇ ਰਿਸ਼ਭ ਕੋਮਲ ਪ੍ਰਯੋਗ ਹੁੰਦੇ ਹਨ ਉਹ ਰਾਗ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਨ ਲਈ ਬਹੁਤ ਢੁਕਵੇਂ ਹੁੰਦੇ ਹਨ। ਜਿਹੜੇ ਰਾਗਾਂ ਵਿੱਚ ਧੈਵਤ ਅਤੇ ਰਿਸ਼ਭ ਸ਼ੁੱਧ ਰੂਪ ਵਿੱਚ ਪ੍ਰਯੋਗ ਹੁੰਦੇ ਹਨ ਉਹ ਰਾਗ ਸ਼ਿੰਗਾਰ ਰਸ ਦੇ ਭਾਵਾਂ ਨੂੰ ਪ੍ਰਗਟਾਉਣ ਦੇ ਅਨੁਕੂਲ ਹੁੰਦੇ ਹਨ। ਜਿਹਨਾਂ ਰਾਗਾਂ ਵਿੱਚ ਕੋਮਲ ਨਿਸ਼ਾਦ ਅਤੇ ਕੋਮਲ ਗੰਧਾਰ ਸੁਰ ਪ੍ਰਯੋਗ ਹੁੰਦੇ ਹਨ ਉਹ ਰਾਗ ਵੀਰ ਰਸ ਦੇ ਭਾਵ ਪ੍ਰਗਟ ਕਰਦੇ ਹਨ। ਇਸ ਤੋਂ ਇਲਾਵਾ ਰਾਗਾਂ ਅਤੇ ਰਸਾਂ ਦਾ ਸਬੰਧ ਰਾਗਾਂ ਦੇ ਭਾਵ ਅਨੁਸਾਰ ਬਣਾਏ ਚਿੱਤਰਾਂ ਤੋਂ ਵੀ ਜਾਣਿਆ ਜਾ ਸਕਦਾ ਹੈ। ਮਲਾਰ ਰਾਗ ਦੇ ਵਿਚ ਦਰਜ ਬਾਣੀ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਗੁਰੂ ਸਾਹਿਬ ਬਾਣੀ ਰਚਨਾ ਕਰਨ ਸਮੇਂ ਰਾਗ ਅਤੇ ਰਸ ਦੇ ਸਬੰਧ ਤੋਂ ਜਾਣੂ ਸਨ। ਗੁਰੂ ਗ੍ਰੰਥ ਸਾਹਿਬ ਦੇ ਵਿੱਚ ਮਲਾਰ ਰਾਗ ਦੀ ਬਾਣੀ ਦੇ ਪਹਿਲੇ ਪਦੇ ਵਿੱਚ ਗੁਰੂ ਨਾਨਕ ਦੇਵ ਜੀ ਰੁਤ ਦੀ ਮਹਤਤਾ ਦਰਸਾਉਂਦਿਆਂ ਫ਼ਰਮਾਉਂਦੇ ਹਨ:

**ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ॥ (ਮਲਾਰ ਮਹਲਾ ੧, ਪੰਨਾ ੧੨੫੪)**

ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸਾਖੀਆਂ ਵਿਚ ਹੇਠ ਲਿਖੇ ਹਵਾਲੇ ਵਾਚਣ ਯੋਗ ਹਨ:

ਮਿਹਰਬਾਨ ਵਾਲੀ ਜਨਮ ਸਾਖੀ ਵਿਚ ਇਕ ਸ਼ਬਦ ਦਾ ਹਵਾਲਾ ਦਿੰਦਿਆਂ ਰਾਗ ਅਤੇ ਰੁੱਤ ਦੇ ਸਬੰਧ ਨੂੰ ਪ੍ਰਗਟਾਉਣ ਵਾਲੀ ਟਿੱਪਣੀ ਦਿੱਤੀ ਹੈ:

ਤਬ ਗੁਰੂ ਬਾਬੇ ਨਾਨਕ ਜੀ ਮਲਾਰ ਰਾਗ ਮਹਿ ਬਾਨੀ ਬੋਲੀ। ਸਾਵਣ ਕਾ ਮਹੀਨਾ ਥਾ, ਉਪਰ ਸੇ ਮੇਘ ਬਰਸਤਾ ਥਾ, ਤਬ ਗੁਰੂ ਬਾਬਾ ਨਾਨਕ ਜੀ ਅਲਾਪਿ ਕਰਿ ਮਲਾਰ ਬਾਨੀ ਬੋਲ ਉੱਠਿਆ ਜਿ:

**ਦੁਖੁ ਵੇਛੋੜਾ ਇਕੁ ਦੁਖੁ ਭੂਖ ॥ (ਮਲਾਰ ਮਹਲਾ ਪਹਿਲਾ, ਪੰਨਾ ੧੨੫੬)**

ਗੁਰੂ ਨਾਨਕ ਦੇਵ ਜੀ ਰਾਗ ਅਤੇ ਰੁੱਤ ਦੇ ਭਾਵਾਂ ਨਾਲ ਇਕਮਿਕ ਸਨ, ਇਸ ਦਾ ਸੰਕੇਤ ਮਿਹਰਬਾਨ ਵਾਲੀ ਜਨਮ ਸਾਖੀ ਦੀ ਇਕ ਹੋਰ ਸਾਖੀ ਵਿਚੋਂ ਵੀ ਮਿਲਦਾ ਹੈ। 'ਪਰਮੇਸ਼ਰ ਦਾ ਜਸ' ਨਾਮਕ ਸਾਖੀ ਵਿੱਚ ਲਿਖਿਆ ਹੈ:

ਤਬ ਗੁਰੂ ਨਾਨਕ ਬਾਬਾ ਜੀ ਚੌਬੀਸ ਬਰਸ ਕਾ ਹੂਆ, ਤਬ ਏਕ ਦਿਨ ਗੁਰੂ ਬਾਬਾ ਨਾਨਕੁ ਜੀ ਨਗਰਿ ਤਲਵੰਡੀ ਦਾਦੇ ਕਾਲੂ ਕੇ ਘਰਿ ਜਬ ਰਹਿਤਾ, ਮਾਤਾ ਪਿਤਾ ਕੇ ਘਰਿ, ਤਬ ਚਉਮਾਸੇ ਕੇ ਦਿਨ ਥੇ ਅਰ ਘਟਾ ਸਾਵਨ ਕੀ ਉਮੰਡ ਲਾਗੀ ਬਰਸਨੈ। ਤਬ ਗੁਰੂ ਬਾਬਾ ਨਾਨਕੁ ਜੀ ਰਾਤਿ ਕੇ ਸਮੇ ਆਪਨੈ ਘਰਿ ਮਹਿ ਬੈਠਾ ਥਾ। ਤਬ ਜਿਉ ਜਿਉ ਮੇਘੁ ਗਰਜਿ ਗਰਜਿ ਬਰਸੈ, ਤਿਉ ਤਿਉ ਗੁਰੂ ਬਾਬੇ ਜੀ ਦਾ ਮਨੁ ਉਮੰਡ ਉਮੰਡ ਲਾਗਾ ਪ੍ਰਮੇਸੁਰ ਜੀ ਦਾ ਜਸੁ ਗਾਵਣੈ। ਤਬ ਗੁਰੂ ਬਾਬੇ ਕਉ ਗਾਵਤੇ ਸੁਨਿ ਕਰਿ ਮਾਤਾ ਕਹਿਆ ਜਿ, "ਬੱਚਾ ਰੰਚਕੁ ਇਕੁ ਸੋਵਹਿ ਤਾ ਭਲਾ ਹੋਵੈ। ਜਬ ਇਹੁ ਸਬਦ ਮਾਤਾ ਜੀ ਕਹਿਆ ਤਬ ਬਬੀਹਾ ਬੋਲਿਆ। ਤਬ ਬਬੀਹਾ ਕਹਿਆ ਜਿ, ਪ੍ਰਿਉ ਪ੍ਰਿਉ। ਤਬ ਗੁਰੂ ਬਾਬੇ ਕਹਿਆ ਜੇ, ਮਾਤਾ ਜੀ ਮੇਰਾ ਜਿ ਸਰੀਕੁ ਹੈ ਸਿ ਜਾਗਦਾ ਹੈ, ਮੈ ਕਿਉ ਕਰ ਸੋਵਾ? ਤਬ ਮਾਤਾ ਜੀ ਕਹਿਆ ਜਿ, ਬੱਚਾ! ਜਿ ਤੇਰਾ ਸਰੀਕੁ ਕਵਣ ਹੈ ਜਿਸ ਕਾ ਲੀਆ ਤੂ ਜਾਗਤਾ ਹੈ? ਤਬ ਮਲਾਰ ਰਾਗ ਮਹਿ ਗੁਰੂ ਬਾਬੇ ਨਾਨਕੁ ਜੀ ਬਾਨੀ ਬੋਲੀ ਜਿ:

**ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥**

ਇਸ ਸਾਰੇ ਸ਼ਬਦ ਵਿੱਚ ਬਿਰਹਾ ਦਾ ਅਤੇ ਬਰਖਾ ਰੁੱਤ ਵਿੱਚ ਜੀਵ ਆਤਮਾ ਦੀ ਅਵਸਥਾ ਦਾ ਵਰਣਨ ਬੜੇ ਕਲਾਤਮਕ ਢੰਗ ਨਾਲ ਹੋਇਆ ਹੈ:

**ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ॥੧॥**
**ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥**
**ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥**

ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥
ਰੂਖੀ ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ ॥੪॥
ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ ॥੫॥
ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ ॥੬॥
ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕੰਉ ਬਿਨ ਮਿਲੇ ਨੀਦ ਨ ਪਾਈ ॥੭॥
ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥੮॥
ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥
ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ॥੧੦॥੩॥ (ਮਲਾਰ ਮਹਲਾ ੧, ਪੰਨਾ ੧੨੪੭)

ਮਲਾਰ ਰਾਗ ਅਤੇ ਬਾਣੀ ਦੇ ਸੰਜੋਗ ਨੂੰ ਬਿਆਨ ਕਰਦਿਆਂ ਡਾ. ਤਾਰਨ ਸਿੰਘ ਲਿਖਦੇ ਹਨ – ਮਲਾਰ ਬਰਖਾ ਦਾ ਰਾਗ ਹੈ – ਇਹ ਮੋਟੀ ਜਿਹੀ ਗੱਲ ਹੈ। ਬੱਦਲ ਗੁਰੂ ਹੈ, ਬਾਣੀ ਮੀਂਹ ਦਾ ਪਾਣੀ ਹੈ, ਮਨੁੱਖੀ ਹਿਰਦਾ ਧਰਤੀ ਹੈ, ਹਿਰਦੇ ਦੀ ਸੰਚਾਈ ਦੁਆਰਾ ਨਾਮ ਦੀ ਖੇਤੀ ਉਗਦੀ ਹੈ – ਇਹ ਇਹੋ ਜਿਹੇ ਸੰਕੇਤ ਹਨ ਜੋ ਮਲਾਰ ਰਾਗ ਦਾ ਵਾਯੂ ਮੰਡਲ ਉਤਪੰਨ ਕਰਦੇ ਹਨ । ਗੁਰੂ ਨਾਨਕ ਦੇਵ ਜੀ ਨੇ ਪਤੀ ਪਤਨੀ ਦੇ ਮਿਲਾਪ ਦਾ ਚਿੰਨ੍ਹ ਲੈ ਕੇ ਬਰਖਾ ਦਾ ਮੰਡਲ ਦਰਸਾਇਆ ਹੈ । ਮੀਂਹ ਲਈ ਜਾਚਨਾ ਅਤੇ ਉਸਦੇ ਵਰ੍ਹਣ ਉੱਤੇ ਖੁਸ਼ੀ ਦਾ ਪ੍ਰਗਟਾਵਾ ਇੰਜ ਕੀਤਾ ਹੈ:

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥
ਸੁਣਿ ਘਨ ਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥੧॥
ਬਰਸੁ ਘਨਾ ਮੇਰਾ ਮਨੁ ਭੀਨਾ ॥
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ॥੧॥ਰਹਾਉ॥ (ਮਲਾਰ ਮਹਲਾ ੧, ਪੰਨਾ ੧੨੫੪)
ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥
ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ॥੧॥ (ਮਲਾਰ ਮਹਲਾ ੧, ਪੰਨਾ ੧੨੫੫)
ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥
ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥ (ਮਲਾਰ ਮਹਲਾ ੧, ਪੰਨਾ ੧੨੭੪)

ਗੁਰੂ ਨਾਨਕ ਦੇਵ ਜੀ ਸਾਵਣ ਦੇ ਵਾਤਾਵਰਨ ਨੂੰ ਪੰਜਾਬ ਦੇ ਵਾਤਾਵਰਨ ਨਾਲ ਸਬੰਧਿਤ ਕਰਦਿਆਂ ਮਲਾਰ ਰਾਗ ਦੀ ਵਾਰ ਵਿੱਚ ਸਲੋਕਾਂ ਦੀ ਰਚਨਾ ਕਰਦੇ ਹਨ:

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥
ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥੧॥ (ਸਲੋਕ ਮਹਲਾ ੧, ਪੰਨਾ ੧੨੭੯)
ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥
ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥੨॥ (ਸਲੋਕ ਮਹਲਾ ੧, ਪੰਨਾ ੧੨੭੯)

ਮਲਾਰ ਰਾਗ ਦੀ ਵਾਰ ਵਿੱਚ ਗੁਰੂ ਅੰਗਦ ਦੇਵ ਜੀ ਨੇ ਵਰਖਾ ਰੁੱਤ ਦੇ ਮਹੀਨੇ ਸਾਵਣ ਨਾਲ ਸਬੰਧਿਤ ਸਲੋਕਾਂ ਦੀ ਰਚਨਾ ਕੀਤੀ ਹੈ:

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ॥ (ਸਲੋਕ ਮਹਲਾ ੨, ਪੰਨਾ ੧੨੮੦)
ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥ (ਸਲੋਕ ਮਹਲਾ ੨, ਪੰਨਾ ੧੨੮੦)

ਮਲਾਰ ਰਾਗ ਦੀ ਵਾਰ ਵਿੱਚ ਗੁਰੂ ਅਮਰਦਾਸ ਜੀ ਦੇ ਬਰਖਾ ਨਾਲ ਸਬੰਧਿਤ ਕੁਝ ਸਲੋਕ ਦਰਜ ਹੋਏ ਹਨ:

ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥
ਸਭ ਦਿਸੈ ਹਰੀਆਵਲੀ ਸਰ ਭਰੇ ਸುਭਰ ਤਾਲ॥ (ਸਲੋਕ ਮਹਲਾ ੩, ਪੰਨਾ ੧੨੭੮)
ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ॥ (ਸਲੋਕ ਮਹਲਾ ੩, ਪੰਨਾ ੧੨੮੦)
ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ॥ (ਸਲੋਕ ਮਹਲਾ ੩, ਪੰਨਾ ੧੨੮੦)
ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ ॥

**ਅਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ ॥**
**ਗੁਰ ਪਰਸਾਦੀ ਪਾਈਐ ਵਿਰਲਾ ਬੂਝੈ ਕੋਇ ॥**
**ਬਹਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖੁ ਹੋਇ ॥**
**ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ॥੧॥** (ਸਲੋਕ ਮਹਲਾ ੩, ਪੰਨਾ ੧੨੮੧)
**ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ ॥**
**ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ ॥**
**ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ॥**
**ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ ॥** (ਸਲੋਕ ਮਹਲਾ ੩, ਪੰਨਾ ੧੨੮੧)
ਮੀਂਹ ਵਾਸਤੇ ਤਰਸਦੇ ਬਾਬੀਹੇ ਨੂੰ ਉਪਦੇਸ਼ ਬੜਾ ਮਾਰਮਿਕ ਹੈ:
**ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥**
**ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ ॥੧॥** (ਸਲੋਕ ਮਹਲਾ ੩, ਪੰਨਾ ੧੨੮੨)
**ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥**
**ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ ॥**
**ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ॥**
**ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ ॥**
**ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ ॥੨॥** (ਸਲੋਕ ਮਹਲਾ ੩, ਪੰਨਾ ੧੨੮੨)

ਇਸ ਤਰ੍ਹਾਂ ਬਾਬੀਹੇ ਨਾਲ ਸਬੰਧਿਤ ਅਨੇਕ ਸਲੋਕਾਂ ਦੀ ਰਚਨਾ ਕੀਤੀ ਗਈ ਹੈ । ਮਲਾਰ ਰਾਗ ਵਿਚ ਇਨ੍ਹਾਂ ਦਾ ਗਾਇਨ ਬੜਾ ਹੀ ਭਾਵਪੂਰਨ ਹੁੰਦਾ ਹੈ ।

ਗੁਰੂ ਰਾਮਦਾਸ ਜੀ ਨੇ ਮਲਾਰ ਰਾਗ ਵਿਚ ਗੁਰਮਤਿ ਸੰਗੀਤ ਦੀ ਵਿਸ਼ੇਸ਼ ਗਾਇਨ ਵੰਨਗੀ ਪੜਤਾਲ ਵਿੱਚ ਵੀ ਕੁਝ ਪਦੇ ਦਰਜ ਹੋਏ ਹਨ ।

ਇਨ੍ਹਾਂ ਪਦਿਆਂ ਵਿਚ ਵੀ ਰੁੱਤ ਦੇ ਵਾਤਾਵਰਣ ਨੂੰ ਬਿਆਨ ਕੀਤਾ ਗਿਆ ਹੈ:
**ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥** (ਮਲਾਰ ਮਹਲਾ ੪, ਪੜਤਾਲ, ਪੰਨਾ ੧੨੬੫)
ਗੁਰੂ ਅਰਜਨ ਦੇਵ ਜੀ ਦੀ ਮਲਾਰ ਰਾਗ ਦੀ ਬਾਣੀ ਵਿਚ ਮਲਾਰ ਰਾਗ ਦਾ ਵਾਤਾਵਰਣ ਪ੍ਰਗਟ ਹੁੰਦਾ ਹੈ:
**ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥** (ਮਲਾਰ ਮਹਲਾ ੫, ਪੰਨਾ ੧੨੬੬)
ਗਰਮੀ ਨਾਲ ਤਪਦੀ ਧਰਤੀ ਦੀ ਪੁਕਾਰ ਨੂੰ ਬਾਣੀ ਰਾਹੀਂ ਪ੍ਰਗਟਾਉਂਦੇ ਹਨ:
**ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ ॥**
**ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ ॥੧॥ ਰਹਾਉ ॥**
**ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ ॥**
**ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ॥੧॥** (ਮਲਾਰ ਮਹਲਾ ੫, ਪੰਨਾ ੧੨੬੭)
**ਘਨਿਹਰ ਬਰਸਿ ਸਗਲ ਜਗੁ ਛਾਇਆ ॥**
**ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ॥੧॥ ਰਹਾਉ॥** (ਮਲਾਰ ਮਹਲਾ ੫, ਪੰਨਾ ੧੨੬੮)
**ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ ॥**
**ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ ॥੩॥** (ਮਲਾਰ ਮਹਲਾ ੫, ਪੰਨਾ ੧੨੭੩)
**ਪਰਮੇਸਰੁ ਹੋਆ ਦਇਆਲੁ ॥**
**ਮੇਘੁ ਵਰਸੈ ਅੰਮ੍ਰਿਤ ਧਾਰ ॥** (ਮਲਾਰ ਮਹਲਾ ੫, ਪੰਨਾ ੧੨੭੧)
**ਬਰਸੁ ਸਰਸੁ ਆਗਿਆ ॥**
**ਹੋਹਿ ਆਨੰਦ ਸਗਲ ਭਾਗ ॥੧॥ ਰਹਾਉ ॥**

**ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ ॥੧॥**
**ਘਨਘੋਰ ਪ੍ਰੀਤਿ ਮੋਰ ॥**
**ਚਿਤੁ ਚਾਤ੍ਰਿਕ ਬੂੰਦ ਓਰ ॥ (ਮਲਾਰ ਮਹਲਾ ੫, ਪੜਤਾਲ, ਪੰਨਾ ੧੨੭੨)**
ਗੁਰੂ ਅਰਜਨ ਦੇਵ ਜੀ ਬੱਦਲ ਨੂੰ ਗੋਬਿੰਦ ਰੂਪ ਕਹਿ ਕੇ ਪੁਕਾਰਦੇ ਹਨ:
**ਘਨੁ ਗਰਜਤ ਗੋਬਿੰਦ ਰੂਪ ॥(ਮਲਾਰ ਮਹਲਾ ੫, ਪੜਤਾਲ, ਪੰਨਾ ੧੨੭੨)**
ਇਸ ਰਾਗ ਦੀ ਬਾਣੀ ਵਰਖਾ ਦੇ ਨਾਲ ਨਾਲ ਆਮ ਤੌਰ ਤੇ ਵਿਜੋਗ ਦੇ ਭਾਵਾਂ ਦਾ ਚਿਤਰਣ ਮਿਲਦਾ ਹੈ:
**ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ ॥**
**ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ ॥੧॥ ਰਹਾਉ ॥**
**(ਮਲਾਰ ਮਹਲਾ ੫, ਪੜਤਾਲ, ਪੰਨਾ ੧੨੬੭)**

ਵਿਜੋਗ ਦਾ ਇਹ ਅਨੁਭਵ ਵੀ ਮਲਾਰ ਰਾਗ ਵਿਚ ਪ੍ਰਗਟ ਹੋਣਾ ਉਚਿਤ ਹੈ ਕਿਉਂਕਿ ਮਲਾਰ ਰਾਗ ਵਿਚ ਪੰਚਮ ਵਾਦੀ ਸੁਰ ਹੈ ਇਸ ਲਈ ਭਰਤ ਦੇ ਸਿਧਾਂਤ ਅਨੁਸਾਰ ਇਹ ਰਾਗ ਵਿਜੋਗ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟਾਉਣ ਵਿੱਚ ਸਹਾਇਕ ਹੁੰਦਾ ਹੈ ।

ਇਸ ਤਰ੍ਹਾਂ ਰਾਗ ਮਲਾਰ ਵਿਚ ਦਰਜ ਬਾਣੀ ਦਾ ਭਾਵ ਰਾਗ ਮਲਾਰ ਦੇ ਅਨੁਕੂਲ ਹੈ ।

ਸਹਾਇਕ ਗ੍ਰੰਥ:


1. **ਸ਼ਬਦਾਰਥ, ਗੁਰੂ ਗ੍ਰੰਥ ਸਾਹਿਬ**
2. **ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ, ਪਰਬੰਧ ਤੇ ਪਸਾਰ**
3. **ਆਚਾਰੀਆ ਬ੍ਰਹਿਸਪਤੀ, ਭਰਤ ਕਾ ਸੰਗੀਤ ਸਿਧਾਂਤ**
4. **ਭਾਤਖੰਡੇ, ਕ੍ਰਮਕ ਪੁਸਤਕ ਮਲਿਕਾ (ਭਾਗ ੫)**
5. **ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ**
6. **ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ**


**(ਅੰਮ੍ਰਿਤ ਕੀਰਤਨ – ਜੁਲਾਈ ੨੦੦੬)**


**ਮੈਗਜ਼ੀਨ ਮਿਲਣ ਤੇ ਜ਼ਰੂਰ ਸੂਚਿਤ ਕਰੋ ਜੀ:**
**ਸੰਪਾਦਕ – 9855640630**

# ਗੁਰਮਤਿ ਸੰਗੀਤ ਵਿਚ ਰਾਗ ਮਲਾਰ

ਡਾ. ਗੁਰਨਾਮ ਸਿੰਘ

ਭਾਰਤੀ ਸੰਗੀਤ ਅਤੇ ਗੁਰਮਤਿ ਵਿਚ ਮਲਾਰ ਅਤਿਅੰਤ ਪ੍ਰਚਲਿਤ ਰਾਗ ਹੈ। ਸੰਗੀਤ ਜਗਤ ਵਿਚ ਹੀ ਨਹੀਂ, ਇਹ ਜਨ ਸਾਧਾਰਨ ਵਿਚ ਵੀ ਓਨਾ ਹੀ ਪ੍ਰਸਿੱਧ ਹੈ। ਇਹ ਇਕ ਰਿਤੁਕਾਲੀਨ ਰਾਗ ਹੈ ਜਿਸ ਦਾ ਵਰਣਨ ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਵੀ ਮਿਲਦਾ ਹੈ। ਭਾਰਤੀ ਸੰਗੀਤ ਵਿਚ ਇਸ ਨੂੰ ਮਲਾਰ ਜਾਂ ਮਲਹਾਰ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਕੁਝ ਵਿਦਵਾਨਾਂ ਦੇ ਵਿਚਾਰ ਅਨੁਸਾਰ ਮਲਾਰ ਮਲਰੂਹ ਦਾ ਅਪਭ੍ਰੰਸ਼ ਰੂਪ ਹੈ। ਪ੍ਰਾਚੀਨ ਅਤੇ ਮੱਧਕਾਲੀਨ ਗ੍ਰੰਥਕਾਰਾਂ ਨੇ ਇਸ ਰਾਗ ਦਾ ਜ਼ਿਕਰ ਆਪਣੇ ਗ੍ਰੰਥਾਂ ਵਿਚ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਲਾਰ ਰਾਗ ਨੂੰ ਮੁੱਖ ਰਾਗਾਂ ਦੀ ਲੜੀ ਅਧੀਨ ਸਤਾਈਵਾਂ ਸਥਾਨ ਪ੍ਰਾਪਤ ਹੈ। ਇਸ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੨੫੪ ਤੋਂ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੀ ਮਹਿਮਾ ਕਰਦੇ ਹੋਏ ਤੀਸਰੇ ਗੁਰੂ ਅਮਰਦਾਸ ਜੀ ਇੰਝ ਫੁਰਮਾਨ ਕਰਦੇ ਹਨ:

**ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੩)

ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ 'ਸੰਗੀਤ ਰਤਨਾਕਰ' ਵਿਚ ਇਸ ਰਾਗ ਨੂੰ ਰਾਗਾਂਗ ਰਾਗ ਸਵੀਕਾਰਿਆ ਗਿਆ ਹੈ। ਇਸ ਦੇ ਅੰਗ ਮਿਸ਼ਰਣ ਨਾਲ ਕਈ ਰਾਗ ਰੂਪ ਪ੍ਰਚਾਰ ਅਧੀਨ ਹਨ ਜਿਵੇਂ 'ਗੌਂਡ ਮਲਾਰ', 'ਨਟ ਮਲਾਰ', 'ਰਾਮਦਾਸੀ ਮਲਾਰ' ਆਦਿ ਮਲਾਰ ਰਾਗ ਦੇ ਨਾਦਾਤਮਕ ਸਰੂਪ ਸਬੰਧੀ ਵਿਦਵਾਨਾਂ ਵਿਚ ਵਿਭਿੰਨਤਾ ਪਾਈ ਜਾਂਦੀ ਹੈ।

ਗੁਰਮਤਿ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਲਾਰ ਰਾਗ ਖਮਾਜ ਥਾਟ ਤੋਂ ਉਤਪੰਨ ਹੋਇਆ ਰਾਗ ਹੈ। ਇਸ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹਨ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦਾ ਗਾਇਨ ਸਮਾਂ ਵਰਖਾ ਰੁੱਤ ਵਿਚ ਹਰ ਸਮੇਂ ਅਤੇ ਰਾਤ ਹੈ। ਇਸ ਦਾ ਆਰੋਹ - ਸ਼ੜਜ ਰਿਸ਼ਭ ਮਧਿਅਮ ਪੰਚਮ ਧੈਵਤ ਰਿਸ਼ਭ (ਤਾਰ ਸਪਤਕ) ਸ਼ੜਜ (ਤਾਰ ਸਪਤਕ), ਅਤੇ ਅਵਰੋਹ - ਸ਼ੜਜ (ਤਾਰ ਸਪਤਕ) ਧੈਵਤ ਪੰਚਮ ਮਧਿਅਮ ਰਿਸ਼ਭ ਸ਼ੜਜ ਮੰਨਿਆ ਹੈ।

ਦੂਸਰੇ ਮੱਤ ਅਨੁਸਾਰ ਵਿਦਵਾਨਾਂ ਨੇ ਇਸ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਹੈ। ਇਸ ਵਿਚ ਗੰਧਾਰ ਅਤੇ ਨਿਸ਼ਾਦ ਸੁਰਾਂ ਨੂੰ ਵਰਜਿਤ ਕੀਤਾ ਗਿਆ ਹੈ। ਇਹਨਾਂ ਨੇ ਵੀ ਵਾਦੀ ਸੰਵਾਦੀ ਮਧਿਅਮ ਸ਼ੜਜ਼ ਨੂੰ ਹੀ ਮੰਨਿਆ ਹੈ। ਇਸ ਰਾਗ ਦੇ ਪੂਰਵਾਂਗ ਵਿਚ ਸ਼ੜਜ ਰਿਸ਼ਭ ਮਧਿਅਮ ਅਤੇ ਉਤਰਾਂਗ ਵਿਚ ਮਧਿਅਮ ਪੰਚਮ ਧੈਵਤ ਸ਼ੜਜ (ਤਾਰ ਸਪਤਕ) ਧੈਵਤ ਪੰਚਮ ਸੁਰ ਸੰਗਤੀਆਂ ਅਤਿਅੰਤ ਮਹੱਤਵਪੂਰਨ ਹਨ। ਇਸ ਤੋਂ ਬਿਨਾਂ ਰਿਸ਼ਭ ਪੰਚਮ ਦੀ ਸੁਰ ਸੰਗਤੀ ਇਸ ਰਾਗ ਦੀ ਪ੍ਰਾਣ ਹੈ। ਇਹ ਰਾਗ ਭਾਵੇਂ ਵਰਖਾ ਰੁੱਤ ਵਿਚ ਹਰ ਸਮੇਂ ਗਾਇਆ ਵਜਾਇਆ ਜਾਂਦਾ ਹੈ। ਪਰੰਤੂ ਵਿਦਵਾਨਾਂ ਨੇ ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਨਿਰਧਾਰਿਤ ਕੀਤਾ ਹੈ।

ਰਾਗ ਮਲਾਰ ਦੇ ਸਰੂਪ ਸਬੰਧੀ ਤੀਸਰੇ ਮੱਤ ਅਨੁਸਾਰ ਵਿਦਵਾਨਾਂ ਨੇ ਇਸ ਨੂੰ ਕਾਫ਼ੀ ਥਾਟ ਦੇ ਅੰਤਰਗਤ ਰੱਖਿਆ ਹੈ। ਇਸ ਵਿਚ ਦੋਵੇਂ ਨਿਸ਼ਾਦ ਵਰਤੇ ਗਏ ਹਨ। ਇਸ ਰਾਗ ਦਾ ਵਾਦੀ ਸੁਰ ਇਸ ਮਤ ਦੇ ਧਾਰਨੀ ਵਿਦਵਾਨਾਂ ਨੇ ਸ਼ੜਜ ਅਤੇ ਸੰਵਾਦੀ ਸੁਰ ਪੰਚਮ ਮੰਨਿਆ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਤੀਸਰਾ ਪਹਿਰ ਅਤੇ ਬਰਸਾਤ ਦੀ ਰੁੱਤ ਵਿਚ ਹਰ ਸਮੇਂ ਦਾ ਮੰਨਿਆ ਗਿਆ ਹੈ। ਇਸ ਦਾ ਆਰੋਹ ਸ਼ੜਜ, ਰਿਸ਼ਭ ਮਧਿਅਮ, ਰਿਸ਼ਭ ਪੰਚਮ, ਮਧਿਅਮ ਪੰਚਮ ਨਿਸ਼ਾਦ (ਕੋਮਲ) ਨਿਸ਼ਾਦ ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਪੰਚਮ, ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ, ਮਧਿਅਮ ਮਧਿਅਮ, ਮਧਿਅਮ ਰਿਸ਼ਭ ਸ਼ੜਜ ਮੰਨਿਆ ਹੈ।

ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਦਾ ਸਰਵ ਪ੍ਰਮਾਣਿਤ ਸਰੂਪ ਮੰਨਿਆ ਗਿਆ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ ਇਸ ਦੀ ਜਾਤੀ ਸੰਪੂਰਨ - ਸੰਪੂਰਨ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਤੀਸਰਾ ਪਹਿਰ ਅਤੇ ਬਰਸਾਤ ਦੀ ਰੁੱਤ ਵਿਚ ਹਰ ਸਮੇਂ ਦਾ ਹੈ। ਇਸ ਦਾ ਆਰੋਹ - ਸ਼ੜਜ, ਰਿਸ਼ਭ ਗੰਧਾਰ ਮਧਿਅਮ, ਮਧਿਅਮ ਰਿਸ਼ਭ ਪੰਚਮ, ਨਿਸ਼ਾਦ

(ਕੋਮਲ) ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਤੇ ਅਵਰੋਹ-ਸ਼ੜਜ (ਤਾਰ ਸਪਤਕ), ਧੈਵਤ ਨਿਸ਼ਾਦ (ਕੋਮਲ) ਪੰਚਮ, ਮਧਿਅਮ ਗੰਧਾਰ ਮਧਿਅਮ ਰਿਸ਼ਭ, ਸ਼ੜਜ ਪ੍ਰਵਾਨ ਕੀਤਾ ਹੈ।

ਮਲਾਰ ਇੱਕ ਸ਼ੁਧ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਅਨੁਸਾਰ ਉਹ ਰਾਗ ਜਿਨ੍ਹਾਂ ਵਿਚ ਕਿਸੇ ਹੋਰ ਰਾਗ ਦਾ ਮਿਸ਼ਰਣ ਨਹੀਂ ਅਤੇ ਇਹ ਆਪਣਾ ਸੁਤੰਤਰ, ਸਪਸ਼ਟ ਤੇ ਪ੍ਰਧਾਨ ਸਰੂਪ ਰੱਖਦੇ ਹਨ, ਸ਼ੁੱਧ ਰਾਗ ਵਜੋਂ ਜਾਣੇ ਜਾਂਦੇ ਹਨ। ਬਾਣੀ ਵਿਚ ਇਨ੍ਹਾਂ ਨੂੰ ਮੁੱਖ ਸਿਰਲੇਖ ਵਜੋਂ ਅੰਕਿਤ ਕੀਤਾ ਗਿਆ ਹੈ, ਅਤੇ ਇਨ੍ਹਾਂ ਦੇ ਪ੍ਰਕਾਰ ਇਨ੍ਹਾਂ ਮੁੱਖ ਰਾਗ ਸਿਰਲੇਖਾਂ ਅਧੀਨ ਅੰਕਿਤ ਕੀਤੇ ਗਏ ਹਨ।

ਗੁਰਮਤਿ ਸੰਗੀਤ ਪਰੰਪਰਾ ਵਿਚ ਮਲਾਰ ਮੌਸਮੀ ਰਾਗ ਦੇ ਅੰਤਰਗਤ ਪ੍ਰਯੋਗ ਹੋਇਆ ਹੈ। ਇਸ ਰਾਗ ਵਿਚ ਰਚਿਤ ਬਾਣੀ ਵਿਚ ਗੁਰੂ ਸਾਹਿਬ ਵਰਖਾ ਰੁੱਤ ਸਮੇਂ ਪ੍ਰਕਿਰਤੀ ਦਾ ਸ਼ਿੰਗਾਰ, ਮਾਨਵ ਮਨ ਦਾ ਉਲਾਸ ਅਤੇ ਪਤੀ ਪ੍ਰੀਤਮ ਦੇ ਵਿਛੋੜੇ ਦੀ ਅਸਹਿ ਪੀੜਾ ਦਾ ਹਵਾਲਾ ਦਿੰਦਿਆਂ ਆਤਮਾ ਦਾ ਪਰਮਾਤਮਾ ਦੇ ਵਿਛੋੜੇ ਵਿਚਲੀ ਤੜਫ ਨੂੰ ਅਤੇ ਫਿਰ ਉਸ ਦੇ ਮਿਲਣ ਦੀ ਅਵਸਥਾ ਨੂੰ ਬਿਆਨਦਿਆਂ ਇੰਜ ਫੁਰਮਾਉਂਦੇ ਹਨ:

**ਬਬੀਹਾ ਖਿਨੁ ਖਿਨੁ ਬਿਲਲਾਇ॥ ਬਿਨੁ ਪਿਰ ਦੇਖੇ ਨੀਂਦ ਨ ਪਾਇ ॥**
**ਇਹੁ ਵੇਛੋੜਾ ਸਹਿਆ ਨ ਜਾਇ॥ ਸਤਿਗੁਰੁ ਮਿਲੇ ਤਾਂ ਮਿਲੈ ਸੁਭਾਇ ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੬੨)**
**ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥**
**ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੬੬)**
**ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾ ਦਰਿ ਸੁਣੀ ਪੁਕਾਰ॥**
**ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1285)**

ਉਪਰੋਕਤ ਅਨੁਸਾਰ ਮਲਾਰ ਦਾ ਸਮਾਂ ਵੀ ਅੰਮ੍ਰਿਤ ਵੇਲੇ ਰਾਤ ਦਾ ਤੀਸਰਾ ਪਹਿਰ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਨੌ ਪਦੇ, ਪੰਜ ਅਸ਼ਟਪਦੀਆਂ ਅਤੇ ਇਕ ਵਾਰ; ਗੁਰੂ ਅਮਰਦਾਸ ਜੀ ਦੇ ਤੇਰਾਂ ਪਦੇ, ਤਿੰਨ ਅਸਟਪਦੀਆਂ; ਗੁਰੂ ਰਾਮਦਾਸ ਜੀ ਦੇ ਸੱਤ ਪਦੇ, ਦੋ ਪੜਤਾਲਾਂ; ਗੁਰੂ ਅਰਜਨ ਦੇਵ ਜੀ ਦੇ ਬਾਈ ਪਦੇ, ਚਾਰ ਛੰਤ ਅਤੇ ਅੱਠ ਪੜਤਾਲਾਂ ਅੰਕਿਤ ਹਨ। ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਨਾਮਦੇਵ ਦੇ ਦੋ ਅਤੇ ਭਗਤ ਰਵਿਦਾਸ ਜੀ ਦੇ ਤਿੰਨ ਪਦੇ ਬਾਣੀ ਰੂਪ ਵੀ ਅੰਕਿਤ ਹਨ।

ਬਸੰਤ ਦੀ ਕੀਰਤਨ ਚੌਕੀ ਵਾਂਗ ਹੀ ਗੁਰਮਤਿ ਸੰਗੀਤ ਪਰੰਪਰਾ ਵਿਚ ਸਾਵਣ ਦੇ ਮਹੀਨੇ ਦੌਰਾਨ ਜਿੱਥੇ ਕਿਤੇ ਵੀ ਕੀਰਤਨ ਹੋਵੇ, ਉਸ ਵਿਚ ਰਾਗ ਮਲਾਰ ਤੇ ਮਲਾਰ ਦੇ ਪ੍ਰਕਾਰਾਂ ਵਿਚ ਕੀਰਤਨੀਏ ਕੀਰਤਨ ਕਰਦੇ ਹਨ ਅਤੇ ਮਲਾਰ ਦੀ ਵਾਰੋ ਦੀ ਪਉੜੀ ਦਾ ਗਾਇਨ ਵੀ ਕੀਤਾ ਜਾਂਦਾ ਹੈ।

ਮਲਾਰ ਰਾਗ ਵਿਚ ਗੁਰੂ ਰਾਮਦਾਸ ਜੀ ਦੀਆਂ ਦੋ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਅੱਠ ਪੜਤਾਲਾਂ ਹਨ ਜਿਨ੍ਹਾਂ ਨੂੰ ਗੁਰਮਤਿ ਸੰਗੀਤ ਵਿਚ ਬੜੇ ਉਤਸ਼ਾਹ ਨਾਲ ਗਾਇਆ ਜਾਂਦਾ ਹੈ। ਇਨ੍ਹਾਂ ਪੜਤਾਲਾਂ ਦੀਆਂ ਰਚਨਾਵਾਂ ਪ੍ਰੋ. ਤਾਰਾ ਸਿੰਘ, ਪ੍ਰਿੰ. ਦਿਆਲ ਸਿੰਘ ਆਦਿ ਰਚਨਾਕਾਰਾਂ ਨੇ ਕੀਤੀਆਂ ਹਨ।

ਮਲਾਰ ਰਾਗ ਦੇ ਅਧੀਨ ੨੦ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਮਲਾਰ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਤੋਂ ਬਾਣੀ ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਗਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

ਡੀਨ ਅਕਾਦਮਿਕ, ਮੁਖੀ, ਪ੍ਰੋਫੈਸਰ (ਰਿਟਾ.)
ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਮਲ੍ਹਾਰ ਸੀਤਲ ਰਾਗ ਹੈ

ਗੁਰਜੰਤ ਸਿੰਘ ਰਾਹੀ
ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ

ਜਿਵੇਂ ਹਰੇਕ ਮਨੁੱਖ ਦਾ ਆਪਣਾ ਸੁਭਾਅ ਹੁੰਦਾ ਹੈ ਅਤੇ ਉਸੇ ਅਨੁਸਾਰ ਉਸਦਾ ਵਰਗੀਕਰਣ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਰਾਗਾਂ ਦੇ ਵਰਗੀਕਰਣ ਸਮੇਂ, ਰੁੱਤ ਜਾਂ ਮੌਸਮ ਅਤੇ ਰਾਗ ਦੀ ਪ੍ਰਕਿਰਤੀ (ਸੁਭਾਅ) ਅਨੁਸਾਰ ਕੀਤਾ ਜਾਂਦਾ ਹੈ। ਮਲ੍ਹਾਰ ਇਕ ਮੌਸਮੀ ਰਾਗ ਹੈ। ਜਿਸ ਨੂੰ ਵਰਖਾ ਰੁੱਤ ਵਿਚ ਵਿਸ਼ੇਸ਼ਕਰ ਗਾਇਆ-ਵਜਾਇਆ ਜਾਂਦਾ ਹੈ। ਸਾਵਣ ਦੀਆਂ ਝੜੀਆਂ, ਮੋਹਲੇਧਾਰ ਮੀਂਹ, ਕਿਣਮਿਣ ਕਣੀਆਂ ਮੋਤੀਆਂ ਦੀਆਂ ਲੜੀਆਂ ਵਰਗੇ ਅਕਾਸ਼ ਤੋਂ ਜ਼ਮੀਨ ਤੱਕ ਵਰਦੀਆਂ ਹੋਣ, ਬੱਦਲਾਂ ਦੀ ਗਰਜ ਕਾਲੀਆਂ ਘਟਾਵਾਂ ਵਿਚ ਬਿਜਲੀ ਦਾ ਲਿਸ਼ਕਣਾ, ਇਹ ਸਾਰਾ ਕੁਝ ਮਿਲ ਕੇ ਮਲ੍ਹਾਰ ਦੀ ਰਚਨਾ ਕਰਦੇ ਹਨ। ਅਜਿਹੇ ਸੁਹਾਵਣੇ ਮੌਸਮ ਵਿਚ ਹੀ ਰਾਗ ਮਲ੍ਹਾਰ ਦਾ ਗਾਇਨ-ਵਾਦਨ ਕੀਤਾ ਜਾਂਦਾ ਹੈ। ਜਿਵੇਂ ਮੀਂਹ ਵਰਸਣ ਨਾਲ ਧਰਤੀ ਅਤੇ ਬਾਕੀ ਜੀਵਾਂ ਨੂੰ ਠੰਡਕ ਮਿਲਦੀ ਹੈ, ਇਸੇ ਤਰ੍ਹਾਂ ਮਲ੍ਹਾਰ ਰਾਗ ਵੀ ਮਨੁੱਖੀ ਮਨ ਨੂੰ ਸੀਤਲਤਾ ਪ੍ਰਦਾਨ ਕਰਦਾ ਹੈ। ਇੱਕ ਸਕੂਨ ਬਖਸ਼ਦਾ ਹੈ। ਇਸੇ ਕਰਕੇ ਹੀ ਗੁਰਬਾਣੀ ਅੰਦਰ ਮਲ੍ਹਾਰ ਰਾਗ ਨੂੰ ਸੀਤਲ ਰਾਗ ਉਚਾਰਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਲ੍ਹਾਰ ਦਾ ੨੭ਵਾਂ ਸਥਾਨ ਹੈ ਅਤੇ ਪਾਵਨ ਅੰਗ ੧੨੫੪ ਤੋਂ ਲੈ ਕੇ ੧੨੯੩ ਤੱਕ ਪਹਿਲੇ ਪੰਜ ਗੁਰੂ ਸਾਹਿਬਾਨ, ਭਗਤ ਨਾਮਦੇਵ ਜੀ, ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ।

ਜੇਠ ਹਾੜ ਦੀਆਂ ਤਪਦੀਆਂ ਧੁੱਪਾਂ ਨਾਲ ਲੂਹੀ ਧਰਤੀ ਉੱਪਰ ਜਦ ਮੀਂਹ ਵਰਸਦੈ ਤਾਂ ਇਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੁੰਦੀ ਹੈ। "ਮੀਂਹ ਪਿਆ ਪਰਮੇਸਰਿ ਪਾਇਆ ਜੀਅ ਜੰਤ ਸਭ ਸੁਖੀ ਵਸਾਇਆ॥" ਸੁੱਕੀ ਖੁਸ਼ਕ ਧਰਤੀ ਉੱਪਰ ਹਰੇ ਹਰੇ ਘਾਹ ਦੀਆਂ ਕਰੂੰਬਲਾਂ ਫੁੱਟਦੀਆਂ ਹਨ। ਸਾਰੇ ਛੱਪੜ ਨਦੀਆਂ ਨਾਲੇ ਪਾਣੀ ਨਾਲ ਭਰ ਜਾਂਦੇ ਹਨ। ਕੋਇਲ ਦੀ ਕੂਹ-ਕੂਹ, ਡੱਡੂਆਂ ਦੀ ਗੜੈਂ-ਗੜੈਂ, ਬੀਂਡੇ ਦਾ ਇਕ ਤਾਰ ਬੋਲਣਾ, ਮੋਰਾਂ ਦਾ ਪੈਲਾਂ ਪਾਉਣਾ, ਮੱਛਰਾਂ ਦੀ ਭਨਕਾਰ, ਇਹ ਸਾਰਾ ਕੁਝ ਮਿਲ ਕੇ ਮਲ੍ਹਾਰ ਦੀਆਂ ਸੁਰਾਂ ਦਾ ਨਿਰਮਾਣ ਕਰਦੇ ਹਨ। ਮਲ੍ਹਾਰ ਮਨੁੱਖੀ ਮਨ ਨੂੰ ਸੀਤਲਤਾ ਬਖਸ਼ਦਾ ਹੈ। ਇਹ ਇਕ ਇਤਿਹਾਸਕ ਸੱਚਾਈ ਹੈ, ਇਤਿਹਾਸ ਦੇ ਵਰਕਿਆਂ ਵਿੱਚ ਇਕ ਘਟਨਾ ਅੰਕਤ ਹੈ – "ਹਿੰਦੁਸਤਾਨ ਦੇ ਮੁਗਲ ਬਾਦਸ਼ਾਹ ਦੇ ਦਰਬਾਰੀ ਗਾਇਕ ਤਾਨਸੈਨ ਦਾ ਸ਼ੁਮਾਰ ਦਰਬਾਰੀ ਨੌਂ ਰਤਨਾਂ ਵਿਚ ਸੀ। ਤਾਨਸੈਨ ਸੁਆਮੀ ਹਰੀਦਾਸ ਦਾ ਸ਼ਾਗਿਰਦ ਸੀ। ਸੁਆਮੀ ਹਰੀਦਸ ਦੀ ਵੰਸ਼ ਪਰੰਪਰਾ ਭਾਈ ਮਰਦਾਨਾ ਜੀ ਨਾਲ ਜਾ ਰਲਦੀ ਹੈ। ਇਸ ਵਿਸ਼ੇ ਉੱਪਰ ਖੋਜ ਕਰਨੀ ਬਣਦੀ ਹੈ। ਅਕਬਰ ਦੇ ਦਰਬਾਰ ਵਿਚ ਹੋਰ ਵੀ ਬਹੁਤ ਸਾਰੇ ਸੰਗੀਤਕਾਰ ਸਨ। ਸੰਗੀਤ ਦੀਆਂ ਮਹਿਫ਼ਿਲਾਂ ਅਕਸਰ ਤਾਨਸੈਨ ਹੀ ਵਿਜਈ ਰਹਿੰਦਾ। ਇਕ ਵਾਰ ਸਾਰੇ ਸੰਗੀਤਕਾਰਾਂ ਨੇ ਤਾਨਸੈਨ ਤੋਂ ਬਦਲਾ ਲੈਣ ਦੀ ਇੱਛਾ ਨਾਲ ਇੱਕ ਤਰਕੀਬ ਬਣਾਈ ਕਿ ਬਾਦਸ਼ਾਹ ਨੂੰ ਕਹਿ ਕੇ ਤਾਨਸੈਨ ਤੋਂ ਦੀਪਕ ਰਾਗ ਸੁਣਿਆ ਜਾਵੇ। ਕਹਿੰਦੇ ਕਿ ਦੀਪਕ ਰਾਗ ਗਾਉਣ ਨਾਲ ਦੀਵੇ ਆਪਣੇ ਆਪ ਜੱਗ ਪੈਂਦੇ ਹਨ, ਪਰ ਇਸਦੇ ਨਾਲ ਹੀ ਗਾਉਣ ਵਾਲੇ ਦਾ ਆਪਣਾ ਆਪ ਵੀ ਜਲਣ ਲੱਗ ਪੈਂਦਾ ਹੈ। ਸਾਰੀਆਂ ਸਲਾਹ ਬਣਾਈ ਕਿ ਤਾਨਸੈਨ ਕੋਲੋਂ ਦੀਪਕ ਰਾਗ ਗਵਾਇਆ ਜਾਵੇ। ਜੇ ਨਾ ਗਾ ਸਕਿਆ ਤਾਂ ਬਾਦਸ਼ਾਹ ਦੀ ਨਿਗਾਹ ਵਿਚ ਤਾਨਸੈਨ ਦਾ ਦਰਜਾ ਘੱਟ ਜਾਵੇਗਾ। ਜੇ ਗਾ ਗਿਆ ਤਾਂ ਆਪਣੀ ਅੱਗ ਵਿਚ ਆਪ ਹੀ ਸੜ ਜਾਵੇਗਾ। ਕਿਉਂਕਿ ਇਹ ਅਗਨੀ ਸੰਗੀਤ ਦੁਆਰਾ ਹੀ ਬੁਝਾਈ ਜਾ ਸਕਦੀ ਹੈ। ਉਹ ਕਿਸੇ ਨੇ ਬੁਝਾਉਣੀ ਨਹੀਂ। ਅਜਿਹੀ ਸਾਜਸ਼ ਅਧੀਨ ਸਾਰਿਆਂ ਨੇ ਅਕਬਰ ਬਾਦਸ਼ਾਹ ਨੂੰ ਬੇਨਤੀ ਕੀਤੀ ਕਿ ਮਹਾਰਾਜ ਤਾਨਸੈਨ ਕੋਲੋਂ ਦੀਪਕ ਰਾਗ ਸੁਣਿਆ ਜਾਵੇ। ਤਾਨਸੈਨ ਨੇ ਕਿਹਾ "ਬਾਦਸ਼ਾਹ ਸਲਾਮਤ ਮੈਂ ਇਹ ਰਾਗ ਗਾ ਸਕਦਾ ਹਾਂ ਪਰ ਜੇ ਨਾ ਗਵਾਵੋਂ ਤਾਂ ਚੰਗਾ ਹੈ।"

"ਮੀਆਂ ਤਾਨਸੈਨ, ਹੋਰ ਰਾਗ ਵੀ ਤੁਸੀਂ ਗਾਉਂਦੇ ਹੋ, ਮੈਂ ਵੀ ਕਦੇ ਇਹ ਰਾਗ ਨਹੀਂ ਸੁਣਿਆ। ਸੰਗੀਤ ਦੁਆਰਾ ਜਗਦੇ ਦੀਵਿਆਂ ਦਾ ਨਜ਼ਾਰਾ ਮੈਂ ਆਪਣੀ ਅੱਖੀਂ ਵੇਖਣਾ ਚਾਹੁੰਦਾ ਹਾਂ।" ਬਾਦਸ਼ਾਹ ਨੇ ਕਿਹਾ। ਨਿਸ਼ਚਿਤ ਸਮੇਂ ਤੇ ਸੰਗੀਤ ਦੀ ਮਹਿਫਿਲ ਸਜਾਈ ਗਈ। ਦੀਵਿਆਂ ਵਿੱਚ ਤੇਲ ਅਤੇ ਬੱਤੀਆਂ ਪਾ ਕੇ ਰੱਖੇ ਗਏ। ਦਰਬਾਰ ਸਜ ਗਿਆ। ਤਾਨਸੈਨ ਨੇ ਆਪਣਾ ਗਾਇਨ ਸ਼ੁਰੂ ਕੀਤਾ। ਦੀਪਕ ਰਾਗ ਦੀ ਆਰੋਹ, ਅਵਰੋਹ, ਪਕੜ ਤੋਂ ਬਾਅਦ

ਰਾਗ ਦਾ ਵਿਸਥਾਰ ਸ਼ੁਰੂ ਕੀਤਾ। ਜਿਉਂ ਜਿਉਂ ਰਾਗ ਦਾ ਸਰੂਪ ਕਾਇਮ ਹੁੰਦਾ ਗਿਆ, ਦਰਬਾਰ ਵਿਚ ਅੱਗ ਦੇ ਸੇਕ ਵਰਗੀ ਤਪਸ਼ ਮਹਿਸੂਸ ਹੋਣ ਲੱਗੀ। ਵੇਖਦਿਆਂ ਵੇਖਦਿਆਂ ਸਾਰੇ ਦੀਵੇ ਆਪਣੇ ਆਪ ਜਗਣੇ ਸ਼ੁਰੂ ਹੋ ਗਏ। ਸਾਰਾ ਦਰਬਾਰ ਤਾਲੀਆਂ ਨਾਲ ਗੂੰਜ ਉੱਠਿਆ। ਬਾਦਸ਼ਾਹ ਨੇ ਬਹੁਤ ਸਾਰਾ ਇਨਾਮ ਦਿੱਤਾ। ਇਸ ਸਾਰੇ ਤੋਂ ਬੇਖਬਰ ਤਾਨਸੈਨ ਦੇ ਮਨ ਵਿੱਚ ਘਬਰਾਹਟ ਅਤੇ ਬੇਚੈਨੀ ਸੀ। ਇਉਂ ਲੱਗੇ ਜਿਵੇਂ ਉਸਦੇ ਅੰਦਰ ਕੁਝ ਸੜ ਰਿਹਾ ਹੈ। ਮਨ ਦੀ ਸ਼ਾਂਤੀ ਲਈ ਤਾਨਸੈਨ ਨੇ ਕਸ਼ਮੀਰ ਜਾਣ ਦੀ ਤਿਆਰੀ ਕੀਤੀ। ਦਿੱਲੀ ਤੋਂ ਸ਼ਾਹ ਰਾਹ (ਜੀ.ਟੀ. ਰੋਡ) ਉੱਪਰ ਰੱਥ ਤੇ ਸਵਾਰ ਹੋਕੇ ਚੱਲ ਪਿਆ। ਰਸਤੇ ਵਿੱਚ ਪੰਜਾਬ ਦੇ ਪਿੰਡ ਦੇ ਇੱਕ ਖੂਹ ਤੇ ਲੜਕੀਆਂ ਪਾਣੀ ਭਰ ਰਹੀਆਂ ਸਨ। ਪਾਣੀ ਪੀਣ ਦੀ ਇੱਛਾ ਲੈ ਕੇ ਤਾਨਸੈਨ ਖੂਹ ਤੇ ਆ ਗਿਆ ਅਤੇ ਪਾਣੀ ਪੀਤਾ। ਪਿਆਸ ਨਾ ਬੁਝੀ, ਮਨ ਸ਼ਾਂਤ ਨਾ ਹੋਇਆ। ਖੂਹ ਤੇ ਪਾਣੀ ਭਰਦੀ ਇੱਕ ਲੜਕੀ ਨੇ ਕਿਹਾ ਜਿਸ ਅਗਨੀ ਨਾਲ ਤੂੰ ਸੜ ਰਿਹਾ ਹੈਂ, ਉਹ ਇਸ ਪਾਣੀ ਨਾਲ ਨਹੀ ਬੁਝਣੀ। ਇਉਂ ਲੱਗਦਾ ਹੈ ਜਿਵੇਂ ਦੀਪਕ ਰਾਗ ਦਾ ਸੜਿਆ ਹੋਵੇਂ। ਲੜਕੀ ਦੇ ਇਹ ਬੋਲ ਸੁਣਕੇ ਤਾਨਸੈਨ ਦੇ ਦੋਵੇਂ ਹੱਥ ਜੁੜ ਗਏ ਅਤੇ ਅਜੀਜ਼ ਹੋਕੇ ਕਹਿਣ ਲੱਗਾ ''ਬੀਬੀ ਜੇ ਮੇਰਾ ਰੋਗ ਬੁਝਿਆ ਹੈ ਤਾਂ ਇਲਾਜ ਵੀ ਕਰ, ਮੇਰਾ ਆਪ ਸੜ ਰਿਹਾ ਹੈ। ਮੈਂ ਅਕਬਰ ਦਾ ਦਰਬਾਰੀ ਗਾਇਕ ਤਾਨਸੈਨ ਹਾਂ।''

ਬੀਬੀ ਖੂਹ ਦੀ ਮੌਣ ਉੱਪਰ ਬੈਠ ਗਈ। ਤਾਨਸੈਨ ਹੇਠਾਂ ਜਮੀਨ ਤੇ ਹੀ ਬੈਠ ਗਿਆ। ਬੀਬੀ ਨੇ ਰਾਗ ਮੇਘ ਮਲ੍ਹਾਰ ਗਾਇਆ, ਪਲਾਂ ਵਿੱਚ ਹੀ ਬੱਦਲ ਆ ਗਏ ਅਤੇ ਮੋਹਲੇਧਾਰ ਬਾਰਿਸ਼ ਆ ਗਈ। ਬੀਬੀ ਗਾਉਂਦੀ ਗਈ ਬਾਰਿਸ਼ ਵਰਦੀ ਰਹੀ। ਤਾਨਸੈਨ ਦਾ ਮਨ ਸ਼ਾਂਤ ਹੁੰਦਾ ਗਿਆ। ਤਾਨਸੈਨ ਨੇ ਲੜਕੀ ਦੇ ਪੈਰਾਂ ਤੇ ਨਜ਼ਰਾਨਾ ਰੱਖ ਕੇ ਮੱਥਾ ਟੇਕਿਆ। ਬੰਨੋ ਨਾਮਕ ਬੀਬੀ ਦੇ ਨਾਂ ਤੇ ਵਸਦਾ ਬਨੂੜ ਹੈ ਜਿੱਥੇ ਅੱਜ ਵੀ ਮਾਈ ਬੰਨੋ ਦਾ ਖੂਹ ਪ੍ਰਸਿੱਧ ਹੈ।

ਗੱਲ ਮਲ੍ਹਾਰ ਰਾਗ ਦੀ ਸ਼ੀਤਲਤਾ ਤੋਂ ਸ਼ੁਰੂ ਕੀਤੀ ਸੀ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਲ੍ਹਾਰ ਰਾਗ ਦੇ ਹੋਰ ਪ੍ਰਕਾਰਾਂ ਦਾ ਜ਼ਿਕਰ ਨਹੀਂ ਮਿਲਦਾ ਪਰ ਗੁਰਮਤਿ ਸੰਗੀਤ ਦੇ ਪ੍ਰਾਚੀਨ ਅਤੇ ਮੌਜੂਦਾ ਕੀਰਤਨੀਏ ਮਲ੍ਹਾਰ ਦੇ ਵੱਖ-ਵੱਖ ਪ੍ਰਕਾਰਾਂ ਵਿੱਚ ਗੁਰਬਾਣੀ ਦਾ ਗਾਇਨ ਕਰਦੇ ਹਨ। ਜਿੰਨਾਂ ਵਿੱਚ ਮੀਆਂ ਕੀ ਮਲ੍ਹਾਰ, ਮੇਘ ਮਲ੍ਹਾਰ, ਜੈਤ ਮਲ੍ਹਾਰ, ਸੁਰਦਾਸੀ ਮਲ੍ਹਾਰ, ਰਾਮਦਾਸੀ ਮਲ੍ਹਾਰ ਆਦਿ ਪ੍ਰਚਲਤ ਪ੍ਰਕਾਰ ਹਨ। ਹੋਰ ਵੀ ਬਹੁਤ ਸਾਰੇ ਪ੍ਰਕਾਰ ਹਨ ਜੋ ਸਮੇਂ ਦੇ ਨਾਲ ਅਲੋਪ ਹੋਣ ਤੱਕ ਪੁੱਜ ਗਏ ਹਨ। ਅਜਿਹੇ ਪ੍ਰਕਾਰ ਤੇ ਸਰੂਪ ਅਤੇ ਰਾਗਾਂ ਵਿੱਚ ਗੁਰਬਾਣੀ ਸ਼ਬਦ ਲਿਪੀ-ਬੱਧ ਕਰਕੇ ਸਿਖਿਆਰਥੀਆਂ ਅਤੇ ਕੀਰਤਨੀਆਂ ਲਈ ਉਸਤਾਦ ਸੁਰਜੀਤ ਸਿੰਘ ਜੀ ਨੇ ਇੱਕ ਪੁਸਤਕ ਰਚ ਕੇ ਮਲਾਰ ਰਾਗ ਨੂੰ ਸੰਭਾਲਣ ਦਾ ਜਤਨ ਕੀਤਾ ਹੈ। ਇਹ ਕਿਤਾਬ ਵੀ ਸੰਭਾਲਣ ਯੋਗ ਹੈ ਅਤੇ ਕੀਰਤਨੀਆਂ ਨੂੰ ਬੰਦਸ਼ਾਂ ਆਪਣੇ ਕੀਰਤਨ ਵਿੱਚ ਸ਼ਾਮਲ ਕਰਣ ਦੀ ਕੋਸ਼ਿਸ਼ ਬਣਦੀ ਹੈ ਤਾਂ ਕਿ ਲੇਖਕ ਦੀ ਘਾਲ ਥਾਇ ਪਵੇ।

ਪੁਸਤਕ ਮਿਲਣ ਦਾ ਪਤਾ: ਉਸਤਾਦ ਸੁਰਜੀਤ ਸਿੰਘ, ਅਕਾਲ ਗੁਰਮਤਿ ਸੰਗੀਤ ਵਿਦਿਆਲਾ, ਚੀਮਾ ਸਾਹਿਬ (ਸੰਗਰੂਰ)।

**(ਅੰਮ੍ਰਿਤੁ ਕੀਰਤਨ ਜੁਲਾਈ ੨੦੦੪)**

## ਵਿਚਾਰ ਆਪੋ ਆਪਣੇ

# ਅਜੋਕੇ ਕੀਰਤਨੀਏਂ ਅਤੇ ਮਨਮਰਜ਼ੀ ਦੀਆਂ ਕੀਰਤਨ-ਸ਼ੈਲੀਆਂ!

ਤਰਲੋਚਨ ਸਿੰਘ ਦੁਪਾਲ ਪੁਰ

ਬੜੇ ਹੀ ਸੰਵੇਦਨਸ਼ੀਲ ਵਿਸ਼ੇ ਬਾਰੇ ਲਿਖਣ ਤੋਂ ਪਹਿਲਾਂ ਬੇਨਤੀ ਕਰ ਦਿਆਂ ਕਿ ਮੈਨੂੰ ਗੁਰਮਤਿ ਸੰਗੀਤ ਜਾਂ ਰਾਗ ਵਿੱਦਿਆ ਬਾਰੇ ਬੇਸ਼ੱਕ ਬਹੁਤੀ ਜਾਣਕਾਰੀ ਨਹੀਂ ਪਰ ਗੁਰਬਾਣੀ ਕੀਰਤਨ ਦਾ ਕਦਰਦਾਨ ਸ੍ਰੋਤਾ ਜਾਂ ਪ੍ਰਸੰਸਕ ਜਰੂਰ ਹਾਂ। ਆਪਣੇ ਨਿੱਜ ਬਾਰੇ ਵੀ ਥੋੜਾ ਜਿਹਾ ਦੱਸਦਾ ਜਾਵਾਂ ਕਿ ਮੇਰੇ ਦਾਦਾ ਜੀ ਗੁਰਬਾਣੀ ਕੀਰਤਨ ਅਤੇ ਕਥਾ-ਵਿਆਖਿਆ ਦੇ ਤਾਂ ਰਸੀਆ ਸਨ ਪਰ ਉਹ ਢਾਡੀ-ਰਾਗ ਨੂੰ ਪਸੰਦ ਨਹੀਂ ਸੀ ਕਰਦੇ। ਇਸਦੇ ਉਲਟ ਮੇਰੇ ਪਿਤਾ ਜੀ ਕੇਵਲ ਢਾਡੀ-ਰਾਗ ਦੇ ਹੀ ਬੇਹੱਦ ਫੈਨ ਸਨ। ਮੇਰੀ ਨੇਚਰ ਵਿਚ ਦੋਹਾਂ ਖਾਨਦਾਨੀ ਬਜ਼ੁਰਗਾਂ ਦੀਆਂ ਪਸੰਦਾਂ ਦਾ ਸੁਭਾਗਾ ਸੁਮੇਲ ਹੋ ਗਿਆ, ਭਾਵ ਕਿ ਗੁਰਬਾਣੀ ਕੀਰਤਨ, ਕਥਾ ਅਤੇ ਢਾਡੀ-ਰਾਗ ਤਿੰਨਾਂ ਪ੍ਰਤੀ ਮੇਰਾ ਇੱਕੋ ਜਿੰਨਾਂ ਮੋਹ ਪਿਆਰ ਸਤਿਕਾਰ ਬਣਿਆਂ ਹੋਇਆ ਹੈ।

ਇਲਾਕੇ ਭਰ ਵਿਚ 'ਗਿਆਨੀ ਜੀ' ਕਰਕੇ ਜਾਣੇ ਸਤਿਕਾਰੇ ਜਾਂਦੇ ਸਾਡੇ ਭਾਈਆ ਜੀ ਸਾਈਕਲ 'ਤੇ ਦੂਰ ਦਰਾਜ ਤੱਕ ਦੀਵਾਨ ਸੁਣਨ ਚਲੇ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਨੰਗਲ਼ ਕਲਾਂ (ਮਾਹਲ ਪੁਰ) ਵਾਲ਼ੇ ਪ੍ਰੋਫੈਸਰ ਦਰਸ਼ਨ ਸਿੰਘ 'ਕੋਮਲ' ਧਾਰਮਿਕ ਦੀਵਾਨਾਂ ਵਿਚ ਸਿਰਮੌਰ ਰਾਗੀ ਵਲੋਂ ਬੁਲਾਏ ਜਾਂਦੇ ਸਨ। ਅੱਖਾਂ ਤੋਂ ਹੀਣ (ਸੂਰਮਾਂ ਸਿੰਘ) ਹੋਣ ਦੇ ਬਾਵਜੂਦ ਰਾਗੀਆਂ ਦੀ ਜਮਾਤ ਵਿਚ ਕੋਮਲ ਜੀ ਲਿਖਾਰੀ ਹੋਣ ਦੇ ਨਾਲ਼ ਨਾਲ਼ ਕੀਰਤਨਕਾਰ, ਭਾਸ਼ਨਕਰਤਾ, ਢਾਡੀ ਕਵੀ, ਸਾਜਿੰਦਾ ਸਰਬਗੁਣ ਭਰਪੂਰ ਸਖਸ਼ੀਅਤ ਵਜੋਂ ਸਤਿਕਾਰੇ ਜਾਂਦੇ ਸਨ। ਜਿਸ ਕਰਕੇ ਰਾਗੀਆਂ ਪ੍ਰਚਾਰਕਾਂ ਵਲੋਂ ਉਨ੍ਹਾਂ ਲਈ 'ਉਸਤਾਦ ਜੀ' ਦਾ ਆਦਰਯੋਗ ਤਖੱਲਸ ਵਰਤਿਆ ਜਾਂਦਾ ਸੀ।

ਇਹ ਗੱਲ ਸੰਨ 57-58 ਵੇਲਿਆਂ ਦੀ ਹੈ। ਇਕ ਵਾਰ ਸਾਡੇ ਲਾਗਲੇ ਪ੍ਰਾਚੀਨ ਕਸਬੇ ਰਾਹੋਂ (ਜਿੱਥੇ ਕਿਸੇ ਵੇਲੇ ਹਰਿਵੱਲਭ ਸੰਗੀਤ ਸਮੇਲਨ ਆਯੋਜਿਤ ਹੁੰਦਾ ਵੀ ਸੁਣਿਆਂ ਹੈ) ਦੇ ਲਹਿੰਦੇ ਪਾਸੇ ਵਾਕਿਆ ਮੰਦਰ ਵਿਚ 'ਰਾਗ ਦਰਬਾਰ' ਆਯੋਜਿਤ ਹੋਇਆ। ਮੇਲਿਆਂ ਮਸ੍ਹਾਵਿਆਂ ਨਾਲ ਬੇਹੱਦ ਲਗਾਉ ਰੱਖਦੇ ਭਾਈਆ ਜੀ ਨੇ ਸੋਚਿਆ ਕਿ ਉੱਥੇ ਕੋਈ ਆਮ ਗਾਇਕਾਂ ਦਾ ਅਖ੍ਹਾੜਾ ਹੋਵੇਗਾ ਪਰ ਰਾਹੋਂ ਦੇ ਸਨਾਤਨੀ ਪ੍ਰਬੰਧਕਾਂ ਨੇ ਸ਼ਾਸਤਰੀ ਰਾਗ ਗਾਇਨ ਕਰਨ ਵਾਲੇ ਉੱਚ ਕੋਟੀ ਦੇ ਸੰਗੀਤਕਾਰ ਇਲਾਹਾਬਾਦ ਆਦਿ ਦੂਰ ਦੁਰਾਡੇ ਦੇ ਸ਼ਹਿਰਾਂ ਤੋਂ ਬੁਲਾਏ ਹੋਏ ਸਨ।

ਆਪਣੇ ਕੁੱਝ ਬੇਲੀਆਂ ਨਾਲ ਰਾਹੋਂ ਦੇ ਉਸ ਸੰਗੀਤ ਸਮੇਲਨ ਵਿਚ ਸ਼ਾਮਲ ਹੋਏ ਭਾਈਆ ਜੀ ਹੱਸਦਿਆਂ ਹੋਇਆਂ ਦੱਸਦੇ ਹੁੰਦੇ ਸਨ ਕਿ ਗਈ ਰਾਤ ਤੱਕ ਜਿਹੜਾ ਵੀ ਸੰਗੀਤਕਾਰ ਤਾਨਪੂਰਾ, ਸਿਤਾਰ ਜਾਂ ਸਾਰੰਗੀ ਆਦਿ ਤੰਤੀ ਸਾਜ਼ਾਂ ਨਾਲ ਸਟੇਜ 'ਤੇ ਗਾਇਨ ਕਰਨ ਬੈਠੇ, ਉਹ ਅੱਧਾ ਪੌਣਾ ਘੰਟਾ ਲੰਮੀਆਂ ਹੇਕਾਂ ਨਾਲ਼ ਸਾ...ਰੇ...ਗਾ...ਧਾ ਨੀ... ਪਾ ਦੇ ਸੁਰ ਅਲਾਪਦਾ ਹੋਇਆ ਭਜਨ ਵਰਗੀ ਕੋਈ ਚੀਜ ਗਾ ਕੇ ਸਮਾਪਤੀ ਕਰ ਦਿਆ ਕਰੇ। ਪੰਡਾਲ ਵਿਚ ਬੈਠੇ ਬਹੁਤੇ ਸ਼ਹਿਰੀ ਪੰਡਤ ਸ੍ਰੋਤੇ-ਜਨ ਤਾਂ ਸਿਰ ਹਿਲਾ ਹਿਲਾ ਕੇ ਝੂਮਦੇ ਰਹੇ ਪਰ ਸਾਡੀ ਪੇਂਡੂ ਮਿੱਤਰ-ਮੰਡਲੀ ਦੇ ਕੁੱਝ ਪੱਲੇ ਨਾ ਪਿਆ।

ਇਸ ਤੋਂ ਬਾਅਦ ਕਿਤੇ ਭਾਈਆ ਜੀ ਨੇ ਆਪਣੇ ਘਰੇ ਭੋਗ ਵੇਲੇ ਉਸਤਾਦ ਕੋਮਲ ਜੀ ਨੂੰ ਬੁਲਾਇਆ। ਨਾਲ਼ੇ ਉਹ ਰਾਹੋਂ ਵਾਲੇ ਸਨਾਤਨੀ ਸੱਜਣਾਂ ਨੂੰ ਵੀ ਸੱਦਾ ਦੇ ਆਏ ਅਖੇ 'ਸਾਡੇ ਰਾਗੀ' ਦਾ ਵੀ ਰਾਗ ਸੁਣਿਉਂ ਆ ਕੇ ਕਹਿੰਦੇ ਸਾਡੇ ਘਰ ਵਾਲੇ ਸਮਾਗਮ ਵਿਚ ਕੀਰਤਨ ਸਮਾਪਤੀ ਉਪਰੰਤ ਸੰਗਤ ਵਿਚ ਬੈਠੇ ਰਾਹੋਂ ਵਾਲ਼ੇ ਸਨਾਤਨੀ ਵੀਰਾਂ ਨੂੰ ਭਾਈਆ ਜੀ ਨੇ ਕੋਮਲ ਜੀ ਦੀ ਗਾਇਕੀ ਬਾਰੇ ਪੁੱਛਿਆ ਤਾਂ ਉਹ ਮਾਯੂਸ ਜਿਹੇ ਹੋ ਕੇ ਕਹਿੰਦੇ - "ਗਿਆਨੀ ਜੀ ਰਾਗੀ ਤਾਂ ਇਹ ਸੁਰੀਲਾ ਐ ਪਰ 'ਉਹ ਗੱਲ' ਹੈ ਨਹੀਂ ਇਹਦੇ ਕੋਲ਼ "ਭਾਈਆ ਜੀ ਫੁਰਤੀ ਨਾਲ ਉੱਠੇ ਤੇ ਹਾਰਮੋਨੀਅਮ ਬੰਨ੍ਹ ਰਹੇ ਅੱਖਾਂ ਤੋਂ ਹੀਣ (ਸੂਰਮੇਂ) ਕੋਮਲ ਸਾਹਿਬ ਦੇ ਕੰਨ ਵਿਚ ਜਾ ਕੇ ਦੱਸਿਆ ਕਿ ਉਸਤਾਦ ਜੀ ਸੰਗਤ ਵਿੱਚ ਬੈਠੇ ਕੁੱਝ ਸਨਾਤਨੀ ਸੱਜਣ ਤਾਂ ਆਹ ਗੱਲ ਕਹਿ ਰਹੇ ਨੇ"

ਉਸੇ ਵੇਲੇ ਕੋਮਲ ਸਾਹਬ ਨੇ ਦੁਬਾਰਾ ਵਾਜਾ ਖੋਲ੍ਹ ਲਿਆ...ਤਬਲੇ ਵਾਲ਼ੇ ਤੋਂ ਹਥੋੜੀ ਲੈ ਕੇ ਤਬਲਾ ਖੁਦ ਕੱਸਿਆ। ਤਬਲੇ ਵਾਲੇ ਸੱਜਣ ਤੋਂ ਓਸ ਵੇਲੇ ਦਾ ਵਕਤ ਪੁੱਛਿਆ। ਅੱਧਾ ਕੁ ਘੰਟਾ ਉਨ੍ਹਾਂ "ਸਮੇਂ ਦੇ ਰਾਗ" ਅਨੁਸਾਰ ਗਾਇਨ ਕੀਤਾ ਤਾਂ ਕਹਿੰਦੇ ਸਨਾਤਨੀ ਸੱਜਣ ਇਉਂ ਝੂਮਣ ਲੱਗੇ ਜਿਵੇਂ ਵੱਜਦੀ ਬੀਨ 'ਤੇ ਨਾਗ ਮੇਲ੍ਹਦਾ ਹੁੰਦਾ ਐ"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਮਹੱਤਤਾ ਬਾਰੇ ਗਿਆਨੀ ਮਸਕੀਨ ਜੀ ਕਿਹਾ ਕਰਦੇ ਸਨ ਕਿ ਗੁਰੂ ਸਾਹਿਬ ਨੇ ਇਕੱਤੀ ਰਾਗਾਂ ਵਿਚ ਲਿਖੀ ਹੋਈ ਬਾਣੀ ਦੇ ਇੱਕ ਇੱਕ ਸ਼ਬਦ ਅੱਗੇ ਪਹਿਲਾਂ ਰਾਗ ਦਾ ਨਾਮ ਲਿਖਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਸਮੇਂ ਹਰ ਨਵੇਂ ਰਾਗ ਦੇ ਅਰੰਭ ਵਿਚ ਇੱਕੋ ਵਾਰੀ ਰਾਗ ਦਾ ਨਾਮ ਲਿਖ

ਕੇ ਵੀ ਇਹ ਹਦਾਇਤ ਲਿਖੀ ਜਾ ਸਕਦੀ ਸੀ ਕਿ ਅਗਲੇ ਸਾਰੇ ਸ਼ਬਦ 'ਏਸ ਰਾਗ' ਵਿਚ ਗਾਉਣੇ ਹਨ *ਗੁਰਮਤਿ ਸੰਗੀਤ ਦੇ ਜਾਣਕਾਰਾਂ ਅਨੁਸਾਰ ਗੁਰੂ ਪਾਤਸ਼ਾਹ ਨੇ ਅਜਿਹਾ ਇਸ ਲਈ ਨਹੀਂ ਕੀਤਾ ਹੋਵੇ ਗਾ ਮਤਾਂ ਸ਼ਬਦ ਗਾਇਨ ਕਰਨ ਵਾਲ਼ੇ ਰਾਗੀ ਜਨ, ਕਿਤੇ ਨਿਰਧਾਰਤ ਰਾਗਾਂ ਨੂੰ ਵਿਸਾਰ ਹੀ ਨਾ ਦੇਣ।

ਕੀਰਤਨ ਵਿਚ ਰਾਗ ਦੀ ਥਾਂ ਸ਼ਬਦ ਪ੍ਰਧਾਨ ਰਹਿਣਾ ਚਾਹੀਦਾ ਹੈ। ਕੁੱਝ ਸ਼ਾਸਤਰੀ ਸੰਗੀਤ ਦੇ ਰਾਗੀ, ਜੋ ਰਾਗ, ਅਲਾਪ ਅਤੇ ਤਾਨਾਂ (ਸਰਗਮ) ਦਾ ਬਹੁਤ ਪ੍ਰਯੋਗ ਕਰਦੇ ਹਨ, ਸੰਗਤ ਵਿਚ ਬਹੁਤੇ ਪ੍ਰਵਾਨਿਤ ਨਹੀਂ ਹੁੰਦੇ......ਇਉਂ ਲਗਦਾ ਹੈ ਕਿ ਸਿੱਖ, ਵਾਜੇ ਤੇ ਢੋਲਕੀ ਛੈਣੇ ਵਜਾਉਣ ਵਾਲ਼ੇ ਹੀ ਬਣਨ ਵਿਚ ਰੁਚੀ ਲੈ ਰਹੇ ਹਨ। ਹਜ਼ਾਰਾਂ ਨੌਜਵਾਨ ਕੀਰਤਨ ਨੂੰ ਸੌਖਾ ਰੋਜ਼ਗਾਰ ਮੰਨ ਕੇ, ਚਾਰ ਕੁ ਤਰਜਾਂ ਤੇ ਚਾਰ ਕੁ ਮਨਘੜੰਤ ਸਾਖੀਆਂ ਸੁਣਾ ਸੁਣਾ ਕੇ ਕੌਮ ਦੇ ਜੇਬ ਖਾਲੀ ਕਰਵਾਉਣ ਦੇ ਨਾਲ਼ ਨਾਲ਼ ਕੌਮ ਦਾ ਦਿਮਾਗੀ ਦਿਵਾਲ਼ਾ ਕਢਾਉਣ ਦੇ ਰਾਹ ਵੀ ਤੁਰ ਪਏ ਹਨ- (ਗੁਰਮਤ ਨਿਰਣਯ-ਕੋਸ਼ ਸਫਾ - 164, ਡਾ. ਗੁਰਸ਼ਰਨ ਸਿੰਘ)

ਖਿਮਾਂ ਸਹਿਤ ਹੁਣ ਗੱਲ ਕਰੀਏ ਅਜੋਕੇ ਕੀਰਤਨੀਏਂ ਰਾਗੀ ਸਿੰਘਾਂ ਦੀ ਜੋ ਕਿ ਪੁਰਾਤਨ ਕੀਰਤਨ ਸ਼ੈਲੀ ਨੂੰ ਪਿੱਠ ਦੇ ਕੇ ਮਨਮਰਜੀ ਦੀਆਂ ਸ਼ੈਲੀਆਂ ਅਪਣਾ ਰਹੇ ਹਨ। ਗਿਣਤੀ ਦੇ ਕੁੱਝ ਕੁ ਰਾਗੀ ਸਿੰਘਾਂ ਨੂੰ ਛੱਡ ਕੇ ਬਹੁਤਾਤ ਜਥੇ ਇਸੇ ਰਾਹ ਪੈ ਗਏ ਹੋਏ ਹਨ। ਬੀਤੇ ਵਰ੍ਹੇ 2025 ਦੇ ਨੌਂ ਮਹੀਨੇ ਅਮਰੀਕਾ ਤੋਂ ਆਪਣੇ ਪਿੰਡ ਰਹਿਣ ਦੌਰਾਨ ਮੈਨੂੰ ਅਨੇਕਾਂ ਕੀਰਤਨ ਦਰਬਾਰ ਸਮਾਗਮਾਂ ਵਿਚ ਇਹ ਕੁੱਝ ਦੇਖ ਕੇ ਬੜੀ ਹੈਰਾਨੀ ਹੋਈ:

- ਰਾਗੀ ਸਿੰਘਾਂ ਵਲੋਂ ਅਰੰਭਕ ਮੰਗਲਾਚਰਨ ਵਜੋਂ ਡੰਡਉਤ ਬੰਦਨਾਂ ਕਰਨ ਜਾਂ ਗਾਇਨ ਕੀਤੇ ਜਾਣ ਵਾਲ਼ੇ ਰਾਗ ਦੀ ਸ਼ਾਨ ਵਜਾਉਣ ਦੀ ਥਾਂਹ ਕਿਸੇ ਲੋਕ-ਧੁਨ ਤੇ ਵਾਹਿਗੁਰ...ਵਾਹਿਗੁਰੂ...ਦਾ ਜਾਪ ਸ਼ੁਰੂ ਹੋ ਜਾਂਦਾ ਐ।
- ਅਰੰਭ ਵਿਚ ਪਹਿਲਾ ਸ਼ਬਦ ਨਿਰਧਾਰਤ ਰਾਗ ਵਿਚ ਗਾਉਣਾ ਤਕਰੀਬਨ ਬੰਦ ਹੀ ਹੋ ਗਿਆ*
- ਹਾਰਮੋਨੀਅਮ ਦੀਆਂ ਦੋ ਕੁ ਸੁਰਾਂ ਵਜਾ ਕੇ ਰਾਗੀ, ਸਾਊਂਡ ਵਾਲ਼ੇ ਸੱਜਣ ਨੂੰ ਤਾਂਹ-ਠਾਂਹ ਹੱਥ ਕਰਦੇ ਹੋਏ ਇਸ਼ਾਰੇ ਤੇ ਇਸ਼ਾਰੇ ਹੀ ਕਰੀ ਜਾਂਦੇ ਹਨ।
- ਜਿਵੇਂ ਅਜੋਕੇ ਗਾਇਕ ਕਲਾਕਾਰ ਆਪਣੇ ਮਸ਼ਹੂਰ ਹੋਏ ਕਿਸੇ ਇਕ ਗੀਤ ਨੂੰ ਆਪਣੇ ਨਾਮ ਨਾਲ ਫੇਮ ਵਜੋਂ ਜੋੜ ਲੈਂਦੇ ਹਨ, ਤਿਵੇਂ ਹੀ ਹੁਣ ਕਈ ਰਾਗੀ ਸਿੰਘ ਵੀ ਕਿਸੇ ਇਕ ਸ਼ਬਦ ਨੂੰ ਹਰ ਥਾਂਹ ਉਚੇਚਾ ਗਾਇਨ ਕਰਦੇ ਹਨ। ਹੋਰ ਤਾਂ ਹੋਰ ਹੁਣ ਸ੍ਰੀ ਦਰਬਾਰ ਸਾਹਿਬ ਦੇ ਕੁੱਝ ਰਾਗੀ ਸਿੰਘ ਵੀ ਉੱਥੇ ਹਰੇਕ ਡਿਊਟੀ ਵਿਚ ਅਜਿਹੇ ਇਕ ਸ਼ਬਦ ਦਾ ਗਾਇਨ ਜਰੂਰ ਕਰਦੇ ਹਨ।
- ਆਪਣੀ ਵਾਰੀ ਦੀ ਸਮਾਪਤੀ ਵੇਲੇ ਹਰੇਕ ਰਾਗੀ ਸਿੰਘ, ਸਮਾਗਮ ਆਯੋਜਿਤ ਕਰਤਾ ਕਮੇਟੀ ਦੇ ਪ੍ਰਧਾਨ-ਸਕੱਤਰਾਂ ਦੇ ਨਾਂ ਲੈ ਲੈ ਕੇ ਬੇਲੋੜੀਆਂ ਮਿਸਾਲਾਂ ਦਿੰਦਿਆਂ ਉਨ੍ਹਾਂ ਦੀ ਉਸਤਤਿ ਕਰਨ ਲੱਗ ਪੈਂਦੇ ਹਨ।
- ਨੀਲੇ, ਪੀਲ਼ੇ ਜਾਂ ਕਾਲ਼ੇ ਵਿਰਾਸਤੀ ਰੰਗਾਂ ਦੀ ਥਾਂਹ ਹੁਣ ਰਾਗੀ ਸਿੰਘਾਂ ਨੇ ਮਨਮਰਜੀ ਦੇ ਹੋਰ ਹੋਰ ਰੰਗਾਂ ਵਾਲ਼ੀਆਂ ਦਸਤਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਗੁਰਬਾਣੀ ਗਾਇਨ ਦਾ ਪ੍ਰਮੁੱਖ ਤੇ ਪ੍ਰਮਾਣੀਕ ਸੋਮਾਂ ਹੈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹੁੰਦਾ ਗੁਰਬਾਣੀ ਕੀਰਤਨ। ਪਰ ਵਰਤਮਾਨ ਸਮੇਂ ਖੇਦ ਹੈ ਕਿ ਉੱਥੇ ਵੀ ਹਲਕੀਆਂ ਫੁਲਕੀਆਂ ਤਰਜਾਂ ਦਾ ਬੋਲ ਬਾਲਾ ਹੋ ਗਿਆ ਹੈ। ਬੇਸ਼ੱਕ ਉੱਥੇ ਵੱਖ ਵੱਖ ਰਾਗਾਂ ਦੇ ਨਾਵਾਂ ਹੇਠ ਕੀਰਤਨ ਚੌਂਕੀਆਂ ਪ੍ਰਚੱਲਤ ਹਨ ਪਰ ਹੁਣ ਬਹੁਤੇ ਰਾਗੀ ਫਰਜ਼ ਪੂਰਾ ਕਰਨ ਵਾਂਗ ਸਿਰਫ ਦੋ ਸਤਰਾਂ ਵਾਲ਼ੇ ਸਲੋਕ ਦਾ ਨਿਰਧਾਰਤ ਰਾਗ ਵਿਚ ਗਾਇਨ ਕਰਦੇ ਹਨ। ਸਨ ਸਤਵੰਜਾ 'ਚ ਜਨਮੇਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਉਹ ਸੁਨਹਿਰੀ ਸਮਾਂ ਵੀ ਦੇਖਿਆ ਹੋਇਆ ਹੈ ਜਦ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਸਿੰਘ ਜਦ ਕਿਤੇ ਬਾਹਰ ਪਿੰਡਾਂ ਸ਼ਹਿਰਾਂ ਵਿਚ ਕੀਰਤਨ ਕਰਨ ਜਾਂਦੇ ਹੁੰਦੇ ਸਨ ਤਾਂ ਉੱਥੇ ਵੀ ਇਸ ਪਾਵਨ ਅਸਥਾਨ ਦੀ ਵਿਲੱਖਣ ਕੀਰਤਨ ਸ਼ੈਲੀ ਅਨੁਸਾਰ ਸ਼ਬਦ ਗਾਇਨ ਕਰਕੇ ਸ੍ਰੀ ਦਰਬਾਰ ਸਾਹਿਬ ਵਰਗਾ ਮਾਹੌਲ ਹੀ ਸਿਰਜ ਦਿਆ ਕਰਦੇ ਸਨ। ਮੰਤਰ-ਮੁਗਧ ਹੋਏ ਸ੍ਰੋਤੇ ਉੱਥੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਹਾਜ਼ਰੀ ਭਰ ਰਹੇ ਮਹਿਸੂਸ ਕਰਦੇ ਹੁੰਦੇ ਸਨ।

ਉਸ ਦੌਰ ਵਿਚ ਸ੍ਰੋਤੀ ਸੰਗਤ, ਗਾਇਨ ਕੀਤੇ ਜਾ ਰਹੇ ਸ਼ਬਦ ਵਿਚ ਲੀਨ ਹੋਈ ਰਹਿੰਦੀ ਸੀ। ਕੋਈ ਵੀ ਕੀਰਤਨੀਆਂ, ਮੋਹਰੇ ਬੈਠੇ ਸ੍ਰੋਤਿਆਂ ਨੂੰ ਆਪਣੇ ਨਾਲ ਨਾਲ ਬੋਲਣ ਲਈ ਨਹੀਂ ਸੀ ਕਹਿੰਦਾ ਹੁੰਦਾ। ਪਰ ਹੁਣ ਲਗਭਗ ਸਾਰੇ ਰਾਗੀ, ਸ਼ਬਦ ਗਾਇਨ ਸ਼ੁਰੂ ਕਰਕੇ ਸੰਗਤ ਨੂੰ ਹੱਥ ਉਠਾ ਉਠਾ ਕੇ ਵਾਰ ਵਾਰ ਕਹੀ ਜਾਂਦੇ ਨੇ -

- ਗਾਉ ਜੀ ਹੋਰ ਉੱਚੀ ਬੋਲੋ...ਸੰਗਤ ਦੀ ਅਵਾਜ਼ ਨੀ ਆਈ* ਅਜਿਹਾ ਕਰਦਿਆਂ ਕਈ ਵਾਰ ਉਹ ਗਾਏ ਜਾ ਰਹੇ ਸ਼ਬਦ

ਵਿਚ ਹੀ ਜਪ ਲਉ ਜੀ...ਗਾ ਲਉ ਜੀ * ਇੰਜ ਗਾਉਂਦੇ ਹਨ ਜਿਵੇਂ ਕਿਤੇ ਇਹ ਜਪ ਲਉਗਾ ਲਉ ਜੀ ਵਾਲ਼ੀ ਹਦਾਇਤ ਵੀ ਸ਼ਬਦ (ਗੁਰਬਾਣੀ) ਦਾ ਹੀ ਹਿੱਸਾ ਹੋਵੇ* ਕਈ ਰਾਗੀ ਸਿੰਘ ਸ਼ਬਦ ਗਾਇਨ ਕਰਦਿਆਂ ਅੱਧੀ ਤੁਕ ਬੋਲ ਕੇ ਚੁੱਪ ਕਰ ਜਾਂਦੇ ਵੀ ਦੇਖੇ ਤਾਂ ਕਿ ਬਾਕੀ ਦੀ ਤੁਕ ਉਨ੍ਹਾਂ ਦੇ ਮਗਰ ਸੰਗਤ ਬੋਲੇ *

ਇਵੇਂ ਕਈ ਅਜੋਕੇ ਕੀਰਤਨੀਏਂ ਸ਼ਬਦ ਗਾਇਨ ਵਿਚਕਾਰ ਕਥਾ-ਵਿਆਖਿਆ ਦੇ ਨਾਂ ਤੇ ਲੰਮੀਆਂ ਸਾਖੀਆਂ ਸੁਣਾਈ ਜਾਂਦੇ ਹਨ* ਉਨ੍ਹਾਂ ਦੇ ਮਗਰੋਂ ਕਿਸੇ ਕਥਾ-ਵਾਚਕ ਨੇ ਸ਼ਬਦ-ਵੀਚਾਰ ਵੀ ਕਰਨੀ ਹੁੰਦੀ ਹੈ ਪਰ ਇਹ ਕੀਰਤਨੀਏਂ, ਵਿਆਖਿਆ ਕਰਕੇ ਸ਼ਾਇਦ ਵਿਦਵਾਨ ਬੁਲਾਰੇ ਹੋਣ ਦਾ ਸਵੈ-ਪ੍ਰਗਟਾਵਾ ਕਰਨ ਲੱਗ ਪੈਂਦੇ ਹਨ* ਭਾਵੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਬੰਗਲਾ ਸਾਹਿਬ ਦੇ ਵਿਦਵਾਨ ਹੈੱਡ ਗ੍ਰੰਥੀ ਭਾਈ ਰਣਜੀਤ ਸਿੰਘ ਜੀ ਦੀ ਹਦਾਇਤ ਅਨੁਸਾਰ ਗੁਰਬਾਣੀ ਕੀਰਤਨੀਏਂ ਰਾਗੀ ਸਿੰਘਾਂ ਉੱਤੇ ਸ਼ਬਦ ਕੀਰਤਨ ਦੌਰਾਨ ਵਾਹਿਗੁਰ...ਵਾਹਿਗੁਰੂ ਦਾ ਜਾਪ ਕਰਨੇ-ਕਰਾਉਣ ਉੱਤੇ ਰੋਕ ਲਾਈ ਹੋਈ ਹੈ ਪਰ ਹੁਣ ਕੁੱਝ ਕੁ ਵਿਰਲੇ ਰਾਗੀਆਂ ਨੂੰ ਛੱਡ ਕੇ ਬਹੁਤੇ ਰਾਗੀ ਇਸ ਹਦਾਇਤ ਨੂੰ ਅਣਡਿੱਠ ਕਰਕੇ ਸ਼ਬਦ ਦੇ ਵਿਚਕਾਰ ਹੀ ਕਿਸੇ ਪਾਪੂਲਰ ਜਿਹੇ ਫਿਲਮੀ ਗੀਤ ਦੀ ਤਰਜ਼ ਤੇ ਵਾਹਿਗੁਰੂ-ਵਾਹਿਗੁਰੂ ਦੀ ਲੰਬੀ ਧੁਨ ਅਲਾਪੀ ਜਾਂਦੇ ਹਨ*

ਰਾਗੀ ਸਿੰਘਾਂ ਵਲੋਂ ਆਪੇ ਬਣਾਈ ਇਸ ਨਵੀਂ ਰੀਤ ਤੋਂ ਦੁਖੀ ਹੁੰਦਿਆਂ ਪ੍ਰਸਿੱਧ ਕੀਰਤਨੀਏਂ ਭਾਈ ਜਸਵੀਰ ਸਿੰਘ ਪਾਉਂਟਾ ਸਾਹਿਬ ਨੇ ਵੀ ਇਕ ਦਿਨ ਸੋਸ਼ਲ ਮੀਡ੍ਹੀਆ ਤੇ ਪੋਸਟ ਵਿੱਚ ਲਿਖਿਆ ਸੀ –

...ਹੁਣ ਇੱਥੇ ਇਸ ਤਰ੍ਹਾਂ ਦੇ ਕੀਰਤਨੀਏਂ, ਸਿਫਾਰਸ਼ੀ ਅਤੇ ਰਿਸ਼ਵਤਾਂ ਵਾਲ਼ੇ ਬਹੁਤ......ਰਹਿ ਗਏ, ਜਿਨ੍ਹਾਂ ਨੂੰ ਡੰਡਉਤ ਅਤੇ ਮੰਗਲਾਚਰਨ ਵੀ ਕਰਨ ਦਾ ਟਾਈਮ ਨਹੀਂ ਦਿੰਦੀ ਸੰਗਤ...ਰਾਗੀ ਤੋਂ ਪਹਿਲਾਂ ਵਾਹਿਗੁਰੂ ਵਾਹਿਗੁਰੂ ਸ਼ੁਰੂ ਹੋ ਜਾਂਦਾ ਹ...ਬੇੜੀ ਹੀ ਡੁਬੋ ਦਿਤੀ ਕੀਰਤਨ ਅਤੇ ਗੁਰਮਤਿ ਸੰਗੀਤ ਦੀ*

ਗੁਰਬਾਣੀ ਕੀਰਤਨ ਨੂੰ ਸ਼ਾਂਤ-ਰਸ ਪ੍ਰਧਾਨ ਮੰਨਿਆਂ ਜਾਂਦਾ ਹੈ ਪਰ ਕਈ ਰਾਗੀ ਵੀਰ ਹੁਣ ਢਾਡੀ ਸਿੰਘਾਂ ਵਾਂਗ ਏਨੀਂ ਉਚੀ ਅਵਾਜ਼ ਵਿਚ ਗਰਜਦੇ ਹਨ ਕਿ ਕੀਰਤਨ ਚੋਂ ਸ਼ਾਂਤ-ਰਸ ਗਾਇਬ ਹੀ ਹੋ ਜਾਂਦਾ ਹੈ। ਇਕ ਰਾਗੀ ਵੀਰ ਐਸਾ ਵੀ ਸੁਣਿਆਂ ਜਿਸਨੇ ਆਪਣਾ ਤਖੱਲਸ ਤਾਂ ਰੱਖਿਆ ਹੋਇਆ ਹੈ ਅੰਮ੍ਰਿਤ ਵੇਲੇ ਮਿੱਠਾ ਬੋਲਣ ਵਾਲ਼ੇ ਇਕ ਮਧੁਰ-ਕੰਠ ਪੰਛੀ ਦੇ ਨਾਂ ਵਾਲ਼ਾ ਪਰ ਉਹ ਉੱਚੀ ਗਾਇਨ ਕਰਨ ਵੇਲੇ ਸ੍ਰੋਤਿਆਂ ਦੇ ਕੰਨਾਂ ਦੇ ਕੀੜੇ ਕੱਢ ਦਿੰਦਾ ਹੈ* ਉਸਦੀ ਬੇਹੱਦ ਉੱਚੀ ਅਵਾਜ਼ ਉੱਤੋਂ ਵੱਡੀਆਂ ਅਲਮਾਰੀਆਂ ਜਿੱਡੇ ਜਿੱਡੇ ਸਪੀਕਰਾਂ ਦੇ ਬਕਸੇ * ਹੇ ਵਾਹਿਗੁਰੂ...**

ਅੰਤਿਕਾ: ਸ਼੍ਰੋਮਣੀ ਕਮੇਟੀ ਲਈ ਸ਼ਲਾਘਾ ਅਤੇ ਸਵਾਲ ਵੀ *

ਪੰਜਾਬ ਵਿਖੇ ਕੀਰਤਨ ਦਰਬਾਰਾਂ ਵਿਚ ਹਾਜਰੀ ਭਰਦਿਆਂ ਜਾਂ ਕਿਤੇ ਹੋਰ ਦੂਰ ਨੇੜੇ ਹੋ ਰਹੇ ਲਾਈਵ ਸਮਾਗਮ ਦੇਖਦਿਆਂ ਭਾਵੇਂ ਵਿਰਾਸਤ ਤੋਂ ਉਲਟ ਵਰਤਾਰਾ ਦੇਖ ਦੇਖ ਕੇ ਮੈਂ ਹੈਰਾਨ ਤਾਂ ਬਹੁਤ ਹੁੰਦਾ ਰਿਹਾ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੇਰੇ ਉਪਰੋਕਤ ਸਾਰੇ ਉਲ਼ਾਂਭੇ ਲਾਹ ਸੁੱਟੇ* ਹੋਇਆ ਇੰਜ ਕਿ ਮੇਰੀ ਅਮਰੀਕਾ ਦੀ ਵਾਪਸੀ ਨੇੜੇ ਅਕਤੂਬਰ 2025 ਵਿਚ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਤਿੰਨ ਕੀਰਤਨ ਦਰਬਾਰ ਆਯੋਜਿਤ ਹੋਏ* ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਆਯੋਜਿਤ ਹੋਏ ਇਨ੍ਹਾਂ ਸਮਾਗਮਾਂ ਵਿਖੇ ਵੱਖ ਵੱਖ ਕੀਰਤਨੀ ਜਥਿਆਂ ਨੇ ਇਕੱਤੀ ਰਾਗਾਂ ਵਿਚ ਸ਼ਬਦ ਕੀਰਤਨ ਦੀ ਛਹਿਬਰ ਲਾਈ* ਜਿਸ ਵਿਚ ਹਜੂਰੀ ਰਾਗੀ ਜਥਿਆਂ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਨਿਪੁੰਨ ਹੋਰ ਕਈ ਰਾਗੀ ਸਿੰਘਾਂ ਨੇ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਸ਼ਰਸ਼ਾਰ ਕੀਤਾ। ਨਾ ਕਿਸੇ ਰਾਗੀ ਨੇ ਸ਼ਬਦ ਗਾਇਨ ਵਿਚਕਾਰ ਕਥਾ ਕੀਤੀ ਅਤੇ ਨਾ ਹੀ ਵਾਹਿਗੁਰੂ...ਵਾਹਿਗੁਰੂ ਦਾ ਜਾਪ ਕਰਾਇਆ* ਇੱਥੇ ਤੰਤੀ ਸਾਜਾਂ ਦੀ ਵੀ ਭਰਪੂਰ ਵਰਤੋਂ ਹੋਈ* ਗਈ ਰਾਤ ਤੱਕ ਇਹ ਤਿੰਨੋਂ ਕੀਰਤਨ ਦਰਬਾਰ ਸ਼ਰਧਾ ਸਤਿਕਾਰ ਨਾਲ ਲਾਈਵ ਟੈਲੀਕਾਸਟ ਸਰਵਣ ਕਰਦਿਆਂ ਮੇਰੇ ਮਨ ਵਿਚ ਸ਼੍ਰੋਮਣੀ ਕਮੇਟੀ ਲਈ ਭਰਵੀਂ ਸ਼ਲਾਘਾ ਦੇ ਨਾਲ ਨਾਲ ਇਹ ਸਵਾਲ ਵੀ ਪੈਦਾ ਹੋਇਆ ਕਿ ਮੰਜੀ ਸਾਹਿਬ ਦੇ ਇਨ੍ਹਾਂ ਕੀਰਤਨ ਸਮਾਗਮਾਂ ਵਾਂਗ ਹੀ ਕੀਰਤਨ ਕਰਨ ਵਾਸਤੇ ਉਹ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀਆਂ ਸਮੇਤ ਸਾਰੇ ਗੁਰਬਾਣੀ ਕੀਰਤਨੀਆਂ ਨੂੰ ਆਦੇਸ਼ ਕਿਉਂ ਨਹੀਂ ਕਰਦੇ ਕਿ ਭਾਈ ਸਿੱਖੋ ਸਥਾਪਤ ਰਵਾਇਤਾਂ ਨੂੰ ਪਿੱਠ ਦੇ ਕੇ ਮਨਮਰਜ਼ੀਆਂ ਨਾ ਕਰੋ !

**ਤਰਲੋਚਨ ਸਿੰਘ ਦੁਪਾਲ ਪੁਰ**
001-408-905-5517
tsdupalpuri@yahoo.com

ਇਹ ਲੇਖ **ਸ. ਤਰਲੋਚਨ ਸਿੰਘ ਜੀ ਦੁਪਾਲ ਪੁਰ** ਦੀ ਫੇਸਬੂਕ ਤੋਂ ਲਿਆ ਗਿਆ ਹੈ ਜੋ ਕਿ ੨੧ ਫ਼ਰਵਰੀ ੨੦੨੬ ਨੂੰ 'ਪੰਜਾਬ ਟਾਈਮਜ਼' ਵਿਚ ਛਪਿਆ ਸੀ ।

## प्रोफेसर हरभजन सिंह धारीवाल




# पंजाब घराने की लाहौर बाज पखावज परंपरा के संवाहक

राजेन्द्र शर्मा

अविभाजित भारत में शास्त्रीय संगीत के पंजाब घराने की पखावज वादन परंपरा जिसे लाहौर बाज परम्परा भी कहा जाता है, को देशभर में बड़े आदर और सम्मान से देखा जाता था। पंजाब घराने के लाला भगवान दास पखावजी (मियां तानसेन के संगतकार), बाबा कादिर बख्श पखावजी लाहौर वाले (लाहौर बाज के संस्थापक), बाबा हुसैन बख्श पखावजी, बाबा फकीर बख्श पखावजी, बाबा मलंग खां चोहन पट्टी पखावजी, बाबा फतेहदीन पखावजी, मियां कादिर बख्श 'सवा लाख उखली' वाले तथा उस्ताद तालिब हुसैन पखावजी जैसे दिग्गज पखावज कलाकार पंजाब घराने का परचम फहराते थे

**पंजाब घराने की लाहौर बाज पखावज परंपरा को संरक्षित और समृद्ध करने में प्रोफेसर हरभजन सिंह धारीवाल का महत्त्वपूर्ण योगदान है।**

1947 में भारत-विभाजन के बाद पंजाब घराने के इन पखावज उस्तादों में से बाबा मलंग खां पखावजी, मियां कादिर बख्श पखावजी, भाई नासिर अहमद तथा बाबा तालिब हुसैन पखावजी जैसे अनेक कलाकार पाकिस्तान चले गए, जिसके कारण पखावज की गौरवशाली परम्परा का पंजाब घराना सूना हो गया। ऐसे समय में उस्ताद लछमन सिंह सीन ने पंजाब घराने की परम्परा बचाने और उसे समृद्ध करने का संकल्प लिया। उनके इस संकल्प को उनके शिष्य प्रोफेसर हरभजन सिंह धारीवाल अपने जीवन का लक्ष्य बनाते हुए दुनिया भर में पंजाब घराने की पखावज परम्परा को बुलंद करने में जुटे हैं। पाश्चात्य संगीत के बोलबाले के बीच प्राचीनतम वाद्य पखावज को सीखने वाले की भले ही कमी हुई है, इसके बावजूद प्रोफेसर हरभजन सिंह धारीवाल पंजाब घराने की इस दुर्लभ परंपरा के अत्यंत विरले प्रतिनिधि माने जाते हैं।

प्रोफेसर हरभजन सिंह का जन्म 20 जनवरी, 1963 को पंजाब के गुरदासपुर जिले के छोटे से नगर धारीवाल में हुआ। पिता सरदार मेहल सिंह धारीवाल स्थानीय गुरुद्वारे के नियमित कीर्तनकार थे। बचपन में ही हरभजन सिंह पिता के साथ गुरुद्वारे में कीर्तन के लिए जाने लगे और तबला वादन की ओर आकर्षित हुए। तबले की प्रारंभिक शिक्षा बाबा रूप शाह खलिया वाले जी से प्राप्त करने के बाद हरभजन सिंह ने पंजाब घराने के महान संगीताचार्य और पखावज के उस्ताद लछमन सिंह सीन के शिष्यत्व में विधिवत् शिक्षा प्राप्त की। यहीं से हरभजन सिंह ने अपने जीवन का लक्ष्य लुप्त हो रही लाहौर बाज पंजाब घराने की पखावज की परंपरा को समृद्ध करना बनाया।

संगीत की शिक्षा के साथ-साथ हरभजन सिंह ने अकादमिक शिक्षा पर पूरा ध्यान दिया और जीवन का लक्ष्य पूर्व में ही निर्धारित कर चुके हरभजन सिंह ने संगीत विषय में भी बी.ए. (सितार एवं तबला) की डिग्री तथा पंजाब विश्वविद्यालय, चंडीगढ़ से संगीत वाद्य (तबला) में स्नातकोत्तर की डिग्री प्रथम श्रेणी में प्राप्त की। वहीं प्राचीन कला केंद्र, चंडीगढ़ से संगीत गायन में संगीत विशारद् तथा तबला वादन में संगीत भास्कर की परीक्षा उत्तीर्ण की।

उन्होंने एस.डी. कॉलेज, दीनानगर में तबला प्रशिक्षक के रूप में कार्य किया है। इसके अतिरिक्त ये पंजाब सांस्कृतिक विभाग, चंडीगढ़ में फील्ड आर्टिस्ट रहे हैं। उन्होंने बेबे नानकी गुरमत कॉलेज, सुल्तानपुर लोधी (कपूरथला) तथा बी.वी.एस. गुरमत कॉलेज, अमृतसर में भी संगीत शिक्षा प्रदान की है। इसके साथ ही उन्होंने विदेशों के गुरुद्वारों में भी संगीत का शिक्षण कार्य किया है। 63 वर्षीय हरभजन सिंह ने अपने जीवन के चार दशकों से पखावज के प्रचार-प्रसार में जुटकर पंजाब घराने की लाहौर बाज परंपरा की गौरवशाली विरासत को जीवंत बनाए हुए हैं। प्रोफेसर हरभजन सिंह ने देश के अनेक प्रतिष्ठित मंचों व अंतर्राष्ट्रीय स्तर पर पखावज की प्रस्तुतियां देकर पखावज की समृद्ध लयात्मक विरासत का प्रतिनिधित्व किया है।

उन्होंने तबला, पखावज और गुरबाणी संगीत पर 15 से अधिक शोधपत्रों तथा अनेक लेख भी लिखे हैं। प्रोफेसर हरभजन सिंह धारीवाल ने अनेक मौलिक लयबद्ध रचनाओं का सृजन किया है। इनमें सबसे उल्लेखनीय 'हरमिंदर ताल' है, जो 13 मात्राओं की एक विशिष्ट ताल है। प्रोफेसर हरभजन सिंह की पखावज रचना पंजाबी फिल्म 'गुरु का बंदा' में भी सम्मिलित की गई है।

पंजाब घराने की लाहौर बाज शैली की पखावज वादन की गौरवशाली परम्परा को प्रोफेसर हरभजन सिंह ने अपने दृढ़ संकल्प से न केवल सुरक्षित रखा है अपितु समृद्ध किया है।

# ਸ੍ਰੀ ਰਾਗ – ਤਿੰਨ ਤਾਲ

ਬੀਬੀ ਹਰਦੀਪ ਕੌਰ

ਅਰੋਹ: ਸ <u>ਰ</u> <u>ਰ</u> ਸ, <u>ਰ</u> ਮ॑, ਪ ਨ ਸਂ
ਅਵਰੋਹ: ਸਂ ਨ <u>ਧ</u> ਪ, ਮ॑ ਗ <u>ਰ</u> <u>ਰ</u> ਸ
ਮੁਖ ਅੰਗ: ਸ <u>ਰ</u> <u>ਰ</u> ਸ, <u>ਰ</u> ਪ, ਮ॑ ਗ <u>ਰ</u> <u>ਰ</u> ਸ
ਵਾਦੀ: <u>ਰ</u>
ਸੰਵਾਦੀ: ਪ

ੴ ਸਤਿਗੁਰ ਪ੍ਰਸਾਦਿ ॥
ਸਲੋਕ ਮਹਲਾ ੯ ॥
ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥
ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥
ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥
ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥

One Universal Creator God. By The Grace Of the True Guru:
Salok, Ninth Mehla:
If you do not sing the Praises of the Lord, your life is rendered useless. Says Nanak, meditate, vibrate upon the Lord; immerse your mind in Him, like the fish in the water.

Why are you engrossed in sin and corruption? You are not detached, even for a moment! Says Nanak, meditate, vibrate upon the Lord, and you shall not be caught in the noose of death.

Your youth have passed away like this, and old age has overtaken your body. Says Nanak, meditate, vibrate upon the Lord; your life is fleeting away!

You have become old, and you do not understand that death is overtaking you. Says Nanak, you are insane! Why do you not remember and meditate on God?

# ਰਾਗ ਸਿਰੀ ਰਾਗ–ਤਿੰਨਤਾਲ

| x | | | | | | | | ੦ | | | | | | | |
|---|---|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| | | | | | | | | ਪ | - | ਪ | - | ਮ̍ | ਧੁ | ਪ | ਪ |
| | | | | | | | | ਗੁ | ਨ | ऽ | ਗੋ | ਬਿੰ | ऽ | ਦ | ऽ |
| ਮ̍ | ਗ | ਮ̍ | ਗ | ਰੇ | ਰੇ | ਸ | - | ਸ | ਰੇ | ਮ̍ | ਪ | ਨੀ | ਧੁ | ਪ | ਪ |
| ਗਾ | ऽ | ਇਓ | ਨ | ਹੀ | ऽ | ऽ | ऽ | ਜ | ਨ | ਮੁ | ਅ | ਕਾ | ऽ | ਰ | ਥ |
| ਮ̍ | ਧੁ | ਪ | ਮ̍ | ਗ | ਰੇ | ਸ | ਸ | ਸਂ | - | ਸਂ | - | ਨੀ | ਧੁ | ਪ | ਪ |
| ਕੀ | ऽ | ऽ | ऽ | ਨੁ | ऽ | ऽ | ऽ | ਕ | ਹੁ | ਨਾ | ऽ | ਨ | ਕ | ਹ | ਰਿ |
| ਮ̍ਪ | ਨਧੁ | ਪਮ̍ | ਗਮ̍ | ਗ | ਰੇ | ਸ | ਸ | ਪ | - | ਪ | - | ਮ̍ | ਧੁ | ਪ | ਪ |
| ਭऽ | ऽऽ | ਜऽ | ਮऽ | ਨਾ | ऽ | ऽ | ऽ | ਜਿ | ਹ | ਬਿ | ਧਿ | ਜ | ਲ | ਕ | ਉ |
| ਮ̍ | ਗ | ਮ̍ | ਪ | ਰੇ | ਰੇ | ਸ | - | | | | | | | | |
| ਮੀ | ऽ | ऽ | ऽ | ਨੁ | ऽ | ऽ | ऽ | | | | | | | | |


ਸਲੋਕ ਮ: ੯ ਭਾਗ ਪਹਿਲਾ

**ਸੁਰਲਿੱਪੀ ਕਰਤਾ:**
ਬੀਬੀ ਹਰਦੀਪ ਕੌਰ

(ਕਰਤਾ - ਨਮੋ ਗੀਤ ਗੀਤੇ)

# Principal (Giani) Dyal Singh

Dr. Amardev Singh



Principal Dyal Singh was one of the most distinguished exponents and teachers of Gurmat Sangeet. Over a career spanning more than six decades, he dedicated himself to the study, preservation, documentation, and transmission of traditional Sikh music, becoming a central figure in the revival and institutional continuity of this rich heritage.

Principal Dyal Singh was born in April 1934 in the village of Badla Singha in Meerut district, into the home Sardar Ujjagar Singh. At the age of twelve, he left his village school to join the Gurmat Vidyalaya at Gurdwara Rakab Ganj Sahib in Delhi, an institution founded by Sardar Bahadur Dharm Singh Ji for the training of Raagis in classical Gurmat Sangeet.

Under the tutelage of Giani Hardit Singh Ji, young Dyal Singh immersed himself in the study of Kirtan, Katha, and Path, with a strong focus on stringed instruments such as the Dilruba and Saranda, as well as Tabla. He trained intensively at the Vidyalaya for five years, laying a deep foundation for his future contributions.

In 1952, Dyal Singh joined the 'jatha' of Bhai Samund Singh Ji, one of the most revered Raagis of the 20th century. As a Dilruba accompanist, he gained invaluable experience and exposure. In December 1954, he began serving at Gurdwara Bala Sahib at the request of the musicologist Gian Singh Abbotabad Ji. Here, he collaborated with eminent musicians, including the visiting Bhai Taba Ji, a preserver of the Rababi tradition. Between 1954 and 1958, Principal Dyal Singh Ji documented over 200 ancient compositions across more than 60 Raags, including rare Partals and Guldastas; many of which were later included in seminal texts.

In 1959, Dyal Singh began his service at Sri Harmandir Sahib, Amritsar as a Dilruba accompanist, performing during key daily recitations such as Asa Di Var and Sodar Chauki. In 1960, at the request of the Shiromani Gurdwara Parbandhak Committee, he was tasked with reviewing, proofreading, and organising the material compiled by Gian Singh Abbotabad Ji for the upcoming publication of Gurbani Sangeet. In

1964, responding to the call of his mentor, Giani Hardit Singh Ji, Dyal Singh resigned from his position in Amritsar and returned to Delhi. There, he took up the responsibility of refining and expanding the second edition of Gurbani Sangeet, contributing intricate 'alaaps' and details of the Raags to the volume.

In the final days of Giani Hardit Singh Ji's life, as his health declined, Sardar Narinder Singh Ji, a trustee of the Gurmat Vidyalay requested Dyal Singh to begin assisting with teaching responsibilities. Following Giani Hardit Singh Ji's passing on 25th January 1967, a large gathering of his former students assembled at Gurdwara Rakab Ganj Sahib on 6th February to pay their final respects. During this solemn occasion, the Secretary of the Guru Nanak Vidya Bhandar Trust, Sardar Kahn Singh Ji, consulted the assembled disciples regarding the future leadership of the Vidyalaya. With unanimous agreement, they nominated Dyal Singh Ji to take on the role. At the age of thirty-three, he accepted the responsibility and began the 'Sewa' that he would carry forward with unwavering dedication for the next forty-five years. During his service, Principal Dyal Singh taught with unmatched dedication, often at the cost of his own health and comfort, leading a life of austerity in the service of the Guru and the Panth.

Principal Dyal Singh was also a prolific author and some of his key works include:

- **Gurmat Sangeet Sagar (4 Volumes):** A comprehensive anthology of 'Shabad Reets', encompassing multiple Raags, Dhrupads, Partaals, and Guldastas.
- **Tabla Mridang Sagar:** A detailed instructional text on 'tabla', tailored for Gurmat Sangeet accompaniment.
- **Annotated Asa Di Var:** A pioneering publication that sets the entire Asa Di Var in multiple Raags.

Many of his students went on to become respected Raagis in India and abroad, spreading the teachings and style of their Ustad. Among the most prominent include Bhai Surjit Singh (Long Island, USA), Bhai Kanwarpal Singh, Bhai Parkash Singh (New Jersey, USA), Bhai Gupal Singh (Boston, USA). Principal Dyal Singh passed away in 2012, leaving behind a rich musical and spiritual legacy. His life's work continues to influence students, scholars, and musicians within the Sikh community and beyond.

**e-mail: kirtansewamalaysia@gmail.com**

## ਰਾਗ ਸ਼ੁੱਧ ਮਲਾਰ, ਤਿੰਨਤਾਲ (ਮੱਧ ਲਯ)

ਚਾਤ੍ਰਿਕ ਚਿਤਵਤ ਬਰਸਤ ਮੇਂਹ ॥
ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ ॥੧॥ਰਹਾਉ॥
ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ ॥
ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ ॥੧॥
ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ ॥
ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨ ਆਨ ਨ ਕੇਂਹ ॥੨॥

(ਰਾਗ ਜੈਤਸਰੀ ਮ: ੫, ੭੦੨)

### ਅਸਥਾਈ

| ੦ | | | | ੩ | | | | × | | | | ੨ | | | |
|---|---|---|---|---|---|---|---|---|---|---|---|---|---|---|---|
| ਮ | | | | | | | | ਸਂ | | | | | | | |
| ਰ | ਮ | ਰ | ਪ | ਪ | ਪ | ਮ | ਪ | ਧ | ਸਂ | ਧ | ਪ | ਮ | ਮ | ਰ | ਸ |
| ਚਾ | ऽ | ਤ੍ਰਿ | ਕ | ਚਿ | ਤ | ਵ | ਤ | ਬ | ਰ | ਸ | ਤ | ਮੇਂ | ਹ | ऽ | ऽ |
| ਸ | ਸ | ਧ਼ | ਧ਼ | ਪ਼ | ਪ਼ | ਪ਼ | ਧ਼ | ਸ | — | ਰ | ਪ | ਮ | — | ਮ | — |
| ਕ੍ਰਿ | ਪਾ | ऽ | ਸਿੰ | ऽ | ਧ | ਕ | ਰੁ | ਣਾ | ऽ | ਪ੍ਰ | ਭ | ਧਾ | ऽ | ਰਹੁ | ऽ |
| | | | | ਸਂ | | | | | | | | | | | |
| ਮ | ਰ | ਪ | — | ਧ | ਸਂ | ਸਂ | ਸਂ | ਧ | ਸਂ | ਧ | ਪ | ਮ | ਮ | ਰ | ਸ |
| ਹ | ऽ | ਰਿ | ऽ | ਪ੍ਰੇ | ऽ | ਮ | ਭ | ਗ | ਤ | ਕੋ | ऽ | ਨੇਂ | ਹ | ऽ | ऽ |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | | | | | | | | ਧ | | | | | | | |
| ਪ | ਪ | ਪ | ਪ | ਸਂ | ਧ | ਸਂ | ਸਂ | ਸਂ | — | ਸਂ | ਸਂ | ਸਂ | ਰਂ | ਸਂ | ਸਂ |
| ਅ | ਨਿ | ਕ | ਸੂ | ऽ | ਖ | ਚ | ਕ | ਵੀ | ऽ | ਨ | ਹੀ | ਚਾ | ऽ | ਹ | ਤ |
| | | ਮਂ | | | | | | ਸਂ | | | | | | | |
| ਸਂ | ਸਂ | ਰਂ | ਮਂ | ਰਂ | ਰਂ | ਸਂ | ਸਂ | ਧ | ਸਂ | ਧ | ਪ | ਮ | — | ਰ | ਸ |
| ਅ | ਨ | ਦ | ਪੂ | ਰ | ਨ | ਪੇ | ਖ | ਦੇ | ਹ | ऽ | ऽ | ऽ | ऽ | ऽ | ऽ |


—ਬਾਕੀ ਤੁਕਾਂ ਅੰਤਰੇ ਤੇ ਲਾਓ। (ਸੁਰ ਰਚਨਾ ਕਰਤਾ ਵਲੋਂ)

ਸਰੋਤ: ਗੁਰਮਤਿ ਸੰਗੀਤ ਸਾਗਰ – ਭਾਗ ੪

THE ALP GROUP


# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS





# PIONEERING ENGINEERING SOLUTIONS IN RUBBER & PLASTIC

















THE ALP GROUP

**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgropup.in
E-mail: alp@anbros.com